**1100/Beant kaur**

## PUNJAB VIDHAN SABHA

*Monday, the 13th April, 2026*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

..............

## OBITUARY REFERENCES

**ਮਾਣਯੋਗ ਸਪੀਕਰ**: ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਕੋਲੋਂ ਵਿੱਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਕੱਤਰ ਹੋਏ ਹਾਂ। ਕੁਝ ਅਜਿਹੀਆਂ ਸ਼ਖਸੀਅਤਾਂ ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ। ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜ਼ਲੀ ਭੇਟ ਕਰੀਏ।

ਸਰਦਾਰ ਲਾਲ ਸਿੰਘ, ਸਾਬਕਾ ਮੰਤਰੀ, ਸਾਨੂੰ ਮਿਤੀ 28 ਮਾਰਚ, 2026 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 24 ਜਨਵਰੀ, 1942 ਨੂੰ ਪਿੰਡ ਆਸਰਪੁਰ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ। ਉਹ ਸਾਲ 1977, 1980, 1992, 2002, 2007 ਅਤੇ 2012 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ । ਉਹ ਪੰਜਾਬ ਦੇ ਵਿਤ ਵਿਭਾਗ ਅਤੇ ਕਈ ਹੋਰ ਵਿਭਾਗਾਂ ਦੇ ਕੈਬਿਨਟ ਮੰਤਰੀ ਰਹੇ ਹਨ। ਉਨ੍ਹਾਂ ਵੱਲੋਂ ਪਨਸਪ ਦੇ ਚੇਅਰਮੈਨ ਅਤੇ ਸਟੇਟ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਉਹ ਪੰਜਾਬ ਵਿਧਾਨ ਸਭਾ ਦੀ ਅਧੀਨ ਵਿਧਾਨ ਕਮੇਟੀ ਦੇ ਮੈਂਬਰ ਵੀ ਰਹੇ ਹਨ। ਉਹ ਪੀਪੀਸੀਸੀ ਦੇ ਵਾਈਸ ਪ੍ਰੈਜੀਡੈਂਟ ਅਤੇ ਵਰਕਿੰਗ ਪ੍ਰੈਜੀਡੈਂਟ ਵੀ ਰਹੇ ਹਨ।

ਸਾਥੀਓ, ਮਿਤੀ 10 ਅਪ੍ਰੈਲ, 2026 ਦਾ ਦਿਨ ਪੰਜਾਬ ਦੇ ਸ਼ਰਧਾਲੂਆਂ ਲਈ ਇਕ ਮੰਦਭਾਗਾ ਦਿਹਾੜਾ ਹੋ ਕੇ ਨਿਬੜਿਆ। ਇਕ ਪਾਸੇ ਉੱਤਰ ਪ੍ਰਦੇਸ਼ ਦੇ ਪ੍ਰਸਿੱਧ ਤੀਰਥ ਸਥਾਨ ਮਥੁਰਾ-ਵ੍ਰਿੰਦਾਵਨ ਵਿਖੇ ਪੰਜਾਬ ਤੋਂ ਪਹੁੰਚੇ ਕੁਝ ਕਿਸ਼ਤੀ ਤੇ ਸਵਾਰ ਸ਼ਰਧਾਲੂਆਂ ਨਾਲ ਉਸ ਵੇਲੇ ਦੁਖਦਾਈ ਹਾਦਸਾ ਵਾਪਰਿਆ, ਜਦੋਂ ਯਮੁਨਾ ਨਦੀ ਦੇ ਕੇਸੀ ਘਾਟ ਤੇ ਉਨ੍ਹਾਂ ਦੀ ਕਿਸ਼ਤੀ ਪਲਟ ਜਾਣ ਕਾਰਨ ਕਈ ਜਾਨਾਂ ਚਲੀਆਂ ਗਈਆਂ।

ਉਸੇ ਦਿਨ ਇਕ ਅਜਿਹੀ ਹੀ ਮੰਦਭਾਗੀ ਘਟਨਾ ਜ਼ਿਲ੍ਹਾ ਕਾਂਗੜਾ ਦੇ ਢਲਿਆਰਾ ਇਲਾਕੇ ਵਿੱਚ ਟਰੈਕਟਰ-ਟਰਾਲੀ ਤੇ ਸਵਾਰ ਮਾਤਾ ਚਿੰਤਪੁਰਨੀ ਅਤੇ ਜਵਾਲਾਮੁਖੀ ਮਾਤਾ ਦੇ ਦਰਸ਼ਨਾਂ ਲਈ ਜਾ ਰਹੇ ਪੰਜਾਬ ਦੇ ਸ਼ਰਧਾਲੂਆਂ ਨਾਲ ਵਾਪਰੀ, ਜਦੋਂ ਇਕ ਤਿੱਖੇ ਮੋੜ ਤੇ ਸੰਤੁਲਨ ਵਿਗੜਨ ਨਾਲ ਉਹ ਟਰਾਲੀ ਲਗਭਗ 100 ਫੁੱਟ ਗਹਿਰੇ ਖੱਡੇ ਵਿੱਚ ਜਾ ਡਿੱਗੀ। ਜਿਸ ਵਿੱਚ ਕੁਝ ਸ਼ਰਧਾਲੂ ਅਕਾਲ ਚਲਾਣਾ ਕਰ ਗਏ ਅਤੇ ਕਈਆਂ ਨੂੰ ਗੰਭੀਰ ਸੱਟਾਂ ਲੱਗੀਆਂ। ਇਹ ਹਾਦਸੇ ਕਿਸੇ

ਵੀ ਕਾਰਨ ਵਾਪਰੇ, ਸਦਨ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਪਵਿੱਤਰ ਅਸਥਾਨਾਂ ਤੇ ਯਾਤਰੀਆਂ ਦੀ ਸੁਰੱਖਿਆ ਲਈ ਕੜੀਆਂ ਹਦਾਇਤਾਂ, ਸੁਰੱਖਿਆ ਸਹੂਲਤਾਂ ਅਤੇ ਇੰਤਜ਼ਾਮ ਜਿਵੇਂ ਕਿ ਲਾਈਟਾਂ, ਫਸਟ ਏਡ ਆਦਿ ਉਪਲਬਧਤਾ ਅਤੇ ਯੋਗ ਨਿਗਰਾਨੀ ਬਹੁਤ ਜ਼ਰੂਰੀ ਹੈ। ਪੰਜਾਬ ਵਿਧਾਨ ਸਭਾ ਇਹ ਵੀ ਅਪੀਲ ਕਰਦੀ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਾਅ ਲਈ ਭਵਿੱਖ ਵਿੱਚ ਯੋਗ ਅਤੇ ਸਖਤ ਸੁਰੱਖਿਆ ਵਿਵਸਥਾਵਾਂ ਯਕੀਨੀ ਬਣਾਈਆਂ ਜਾਣ। ਇਹ ਸਦਨ ਅਣਮੁੱਲੀਆਂ ਜ਼ਿੰਦਗੀਆਂ ਦੇ ਵਿਛੋੜੇ ਉੱਤੇ ਗਹਿਰਾ ਦੁੱਖ ਪ੍ਰਗਟ ਕਰਦਾ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਨਾਲ ਦਿਲੀ ਹਮਦਰਦੀ ਜਤਾਉਂਦਾ ਹੈ।

ਇਹ ਸਦਨ ਅੱਜ ਦੇ ਦਿਨ 13 ਅਪ੍ਰੈਲ, 1919 ਨੂੰ ਜਲ੍ਹਿਆਂ ਵਾਲੇ ਬਾਗ, ਸ੍ਰੀ ਅੰਮ੍ਰਿਤਸਰ ਵਿਖੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲਿਆਂ ਨੂੰ ਯਾਦ ਕਰਦਾ ਹੈ ਅਤੇ ਸ਼ਰਧਾਂਜ਼ਲੀ ਭੇਟ ਕਰਦਾ ਹੈ।

ਭਾਰਤੀ ਸੰਗੀਤ ਜਗਤ ਦੀ ਮਹਾਨ ਸ਼ਖਸੀਅਤ ਸ਼੍ਰੀਮਤੀ ਆਸ਼ਾ ਭੌਸਲੇ, ਜਿਨ੍ਹਾਂ ਨੇ ਪਿਛਲੇ ਸੱਤ ਦਹਾਕਿਆਂ ਤੋਂ ਪੂਰੀ ਦੁਨੀਆ ਨੂੰ ਆਪਣੇ ਮੋਹ ਵਿੱਚ ਬੰਨ੍ਹੀ ਰੱਖਿਆ, ਉਹ ਵੀ ਮਿਤੀ 12 ਅਪ੍ਰੈਲ, 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਸ਼੍ਰੀਮਤੀ ਆਸ਼ਾ ਭੌਸਲੇ ਸਿਰਫ ਇਕ ਗਾਇਕਾ ਹੀ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ ਦੀ ਇਕ ਮਜ਼ਬੂਤ ਪਹਿਚਾਣ ਸਨ।

**1100/Beant kaur/BS khokhar**

**1105/Karamjit kaur**

ਉਨ੍ਹਾਂ ਦਾ ਨਾਮ ਗਿੰਨੀਜ ਬੁੱਕ ਆਫ ਵਰਲਡ ਰਿਕਾਰਡਜ ਵਿੱਚ ਦਰਜ ਹੋਣਾ ਅਤੇ ਉਨ੍ਹਾਂ ਨੂੰ ਦਾਦਾ ਸਾਹਿਬ ਫਾਲਕੇ ਦੇ ਕੇ ਪਦਮ ਵਿਭੂਸ਼ਣ ਵਰਗੇ ਸਨਮਾਨਾਂ ਨਾਲ ਨਿਵਾਜਿਆ ਜਾਣਾ ਸਾਡੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਦੀ ਮਿਹਨਤ ਅਤੇ ਸੰਗੀਤ ਪ੍ਰਤੀ ਸਮਰਪਣ ਆਉਣ ਵਾਲੀਆਂ ਪੀੜ੍ਹੀਆਂ ਅਤੇ ਨਵੇਂ ਕਲਾਕਾਰਾਂ ਲਈ ਹਮੇਸ਼ਾ ਇੱਕ ਚਾਨਣ-ਮੁਨਾਰੇ ਵਜੋਂ ਕੰਮ ਕਰੇਗਾ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦ-ਚਿੰਨ੍ਹਾਂ 'ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ, ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਵਿਛੜੀਆਂ ਸ਼ਖ਼ਸੀਅਤਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕੀਤਾ।)

------

## SHORT ADJOURNMENT OF THE HOUSE

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਦਨ 11.30 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*11.08 ਵਜੇ ਪੂਰਵ ਦੁਪਹਿਰ) (ਇਸ *ਸਮੇਂ ਸਦਨ 11.30 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

-------

**1130/harpreet singh**

*11.30 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

## ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਅੱਜ ਬੜਾ ਸੁਭਾਗਾ ਦਿਹਾੜਾ ਹੈ। ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਇਸ ਪਵਿੱਤਰ ਅਵਸਰ ਤੇ ਪੰਜਾਬ ਵਿਧਾਨ ਸਭਾ ਦੇ ਇਸ ਸਦਨ ਵਿਚ ਮੌਜੂਦ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਅਤੇ ਪੰਜਾਬ ਦੇ ਪਿਆਰੇ ਵਸਨੀਕਾਂ ਅਤੇ ਸਮੁੱਚੇ ਪੰਜਾਬੀ ਅਤੇ ਸਿੱਖ ਜਗਤ ਨੂੰ ਮੇਰੇ ਵੱਲੋਂ ਅਤੇ ਇਸ ਪਵਿੱਤਰ ਸਦਨ ਵੱਲੋਂ ਦਿਲੋਂ ਲੱਖ ਲੱਖ ਵਧਾਈ। ਵਿਸਾਖੀ ਦਾ ਇਹ ਤਿਓਹਾਰ ਸਾਨੂੰ ਖੁਸ਼ਹਾਲੀ, ਏਕਤਾ ਅਤੇ ਨਵੀਂ ਸ਼ੁਰੂਆਤ ਦਾ ਸੰਦੇਸ਼ ਵੀ ਦਿੰਦਾ ਹੈ। ਇਹ ਦਿਨ ਸਾਡੇ ਕਿਸਾਨਾਂ ਦੀ ਮਿਹਨਤ ਦਾ ਪ੍ਰਤੀਕ ਹੈ ਅਤੇ ਸਾਡੀ ਸੰਸਕ੍ਰਿਤਿਕ ਵਿਰਾਸਤ ਨੂੰ ਮਨਾਉਣ ਦਾ ਸੁਨੇਹਾ ਵੀ ਦਿੰਦਾ ਹੈ। ਆਓ ਅਸੀਂ ਸਾਰੇ ਮਿਲ ਕੇ ਪੰਜਾਬ ਦੀ ਤਰੱਕੀ, ਖੁਸ਼ਹਾਲੀ ਅਤੇ ਸਮਾਜਿਕ ਸਾਂਝ ਨੂੰ ਹੋਰ ਮਜ਼ਬੂਤ ਬਣਾਉਣ ਦਾ ਸੰਕਲਪ ਵੀ ਲਈਏ। ਵਾਹਿਗੁਰੂ ਜੀ ਸਾਰਿਆਂ ਨੂੰ ਚੜ੍ਹਦੀ ਕਲਾ, ਤੰਦਰੁਸਤੀ ਅਤੇ ਖੁਸ਼ੀਆਂ ਬਖਸ਼ਣ।

-------

## WELCOME ANNOUCEMENT BY THE HON'BLE SPEAKER

**ਮਾਣਯੋਗ ਸਪੀਕਰ:** ਅੱਜ ਇਸ ਪਵਿੱਤਰ ਸਦਨ ਨੂੰ ਇਹ ਦੱਸਦਿਆਂ ਮੈਨੂੰ ਅਤਿਅੰਤ ਖੁਸ਼ੀ ਹੋ ਰਹੀ ਹੈ ਕਿ ਅੱਜ ਗਵਰਨਰ ਬਾਕਸ ਵਿਚ ਸਾਡੇ ਪੰਜਾਬ ਦੀਆਂ, ਪੰਥ ਦੀਆਂ ਬਹੁਤ ਸਾਰੀਆਂ ਮਾਣਮੱਤੀਆਂ ਸ਼ਖਸੀਅਤਾਂ ਵੱਖ-ਵੱਖ ਸੰਪਰਦਾਵਾਂ ਦੇ ਧਾਰਮਿਕ ਆਗੂ, ਸੰਤ-ਮਹਾਂਪੁਰਸ਼ ਅੱਜ ਦੇ ਇਸ ਸਦਨ ਦੀ ਕਾਰਵਾਈ ਨੂੰ ਵੇਖਣ ਲਈ ਇੱਥੇ ਮੌਜੂਦ ਹਨ। ਆਓ, ਆਪਾਂ ਸਾਰਿਆਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

------

## MOTION UNDER RULE 16

**ਮਾਣਯੋਗ ਸਪੀਕਰ:** ਨਿਯਮ 16 ਅਧੀਨ ਪ੍ਰਸਤਾਵ। ਸੰਸਦੀ ਮਾਮਲੇ ਮੰਤਰੀ ਜੀ, ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜੀ ਡਾਕਟਰ ਨਿੱਜਰ ਸਾਹਿਬ ਦੀ ਅਗਵਾਈ ਹੇਠ ਅਸੀਂ ਆਲਰੇਡੀ ਰਿਪੋਰਟ ਦੇਣ ਲਈ ਕਮੇਟੀ ਬਣਾਈ ਹੈ, ਅੰਡਰ ਸੈਕਸ਼ਨ 224 ਕਾਨੂੰਨ ਵੀ ਇਹੀ ਕਹਿੰਦਾ ਹੈ ਕਿ ਉਸ ਕਮੇਟੀ ਨੂੰ ਕੰਮ ਕਰਦਿਆਂ 9 ਮਹੀਨੇ ਹੋ ਗਏ ਹਨ। ਕ੍ਰਿਪਾ ਕਰਕੇ ਪਹਿਲਾਂ ਤਾਂ ਡਾਕਟਰ ਸਾਹਿਬ ਨੂੰ ਉਹ ਰਿਪੋਰਟ ਹਾਊਸ ਵਿਚ ਰੱਖਣੀ ਚਾਹੀਦੀ ਹੈ। ਸਾਡੇ ਸਿੱਖ ਸਕਾਲਰਜ਼ ਹਨ, ਐਸ.ਜੀ.ਪੀ.ਸੀ. ਹੈ, ਤਖਤ ਸਾਹਿਬਾਨ ਦੇ ਮੁੱਖੀ ਹਨ, ਸੰਤ ਸਮਾਜ ਹੈ, ਸਾਡੇ ਐਮ.ਐਲ.ਏਜ਼ ਹਨ। ਇਸ ਰਿਪੋਰਟ ਵਿਚ ਉਨ੍ਹਾਂ ਸਾਰਿਆਂ ਦਾ ਵਿਊ ਪੁਆਇੰਟ ਕੀ ਹੈ? ਉਸ ਰਿਪੋਰਟ ਤੇ ਡਿਸਕਸ਼ਨ ਕਰਨ ਤੋਂ ਬਾਅਦ ਮੇਰੀ ਗੁਜ਼ਾਰਿਸ਼ ਹੈ ਕਿ ਕ੍ਰਿਪਾ ਕਰਕੇ ਸੈਸ਼ਨ ਦਾ ਇਕ ਦਿਨ ਹੋਰ ਵਧਾ ਦਿਓ। ਜੇਕਰ ਕੱਲ੍ਹ ਨਹੀਂ ਹੋ ਸਕਦਾ ਤਾਂ ਪਰਸੋਂ ਕਰ ਲਓ। ਪਹਿਲਾਂ ਤਾਂ ਇਸ ਰਿਪੋਰਟ ਤੇ ਡਿਸਕਸ਼ਨ ਹੋਵੇ, ਉਸ ਤੋਂ ਬਾਅਦ ਜਿਹੜਾ ਤੁਸੀਂ ਨਵਾਂ ਬਿਲ ਲਿਆਏ ਹੋ, ਉਸ ਤੇ ਚਰਚਾ ਹੋਵੇ। ਅਸੀਂ ਇਸ ਗੱਲ ਨੂੰ ਵੈਲਕਮ ਕਰਦੇ ਹਾਂ ਪਰ ਮੇਰੀ ਗੁਜ਼ਾਰਿਸ਼ ਹੈ ਕਿ ਉਹ ਜਿਹੜਾ ਐਫਰਟ ਹੈ ਕਿ ਤੁਸੀਂ ਪਹਿਲਾਂ ਬਿਲ ਲੈ ਕੇ ਆਉਂਦਾ, ਫਿਰ 9 ਮਹੀਨੇ ਸਿਲੈਕਟ ਕਮੇਟੀ ਨੇ ਬਹੁਤ ਸਾਰੇ ਲੋਕ ਸੱਦੇ ਹਨ। ਕ੍ਰਿਪਾ ਕਰਕੇ ਉਹ ਰਿਪੋਰਟ ਜ਼ਰੂਰ ਹਾਊਸ ਵਿਚ ਪੇਸ਼ ਕਰਵਾਓ ਅਤੇ ਡਿਸਕਸ਼ਨ ਕਰਵਾਓ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਿਲੈਕਟ ਕਮੇਟੀ ਦਾ ਜੋ ਦਾਇਰਾ ਹੈ, ਉਸ ਸਬੰਧੀ ਕੰਮ ਚੱਲ ਰਿਹਾ ਹੈ। ਉਸ ਬਾਰੇ ਡਾਕਟਰ ਨਿੱਜਰ ਸਾਹਿਬ ਤੁਹਾਨੂੰ ਸਮਾਂ ਆਉਣ ਤੇ ਦੱਸਣਗੇ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ :** ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਮੱਦ ਨੰ: 3 ਅਧੀਨ ਦਰਸਾਏ ਗਏ ਲੜੀ ਨੰ. 1 ਤੋਂ 4 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

(1) ਨੋਟੀਫਿਕੇਸ਼ਨ ਨੰ. ਜੀ.ਐਸ.ਆਰ.139/ਸੀ.ਏ 67/1957/ਐਸ.ਐਸ. 15 ਅਤੇ 9ਬੀ/2025, ਮਿਤੀ 28.7.2025 ਜਿਸ ਵਿੱਚ ਪੰਜਾਬ ਜ਼ਿਲ੍ਹਾ ਖਣਿਜ ਫਾਊਂਡੇਸ਼ਨ ਨਿਯਮ, 2025 ਸ਼ਾਮਲ ਹੈ, ਨੂੰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਖਾਣਾਂ ਅਤੇ ਖਣਿਜ ਪਦਾਰਥ (ਵਿਕਾਸ ਅਤੇ ਵਿਨਿਯਮਨ) ਐਕਟ, 1957 (1957 ਦਾ ਕੇਂਦਰੀ ਐਕਟ ਨੰ. 67) ਦੀ ਧਾਰਾ 28 (3) ਅਧੀਨ ਲੋੜੀਂਦਾ ਹੈ ।

(2) ਨੋਟੀਫਿਕੇਸ਼ਨ ਨੰ. ਜੀ.ਐਸ.ਆਰ.158/ਸੀ.ਏ 67/1957/ਐਸ.15/2025, ਮਿਤੀ 10.9.2025 ਜਿਸ ਵਿੱਚ ਪੰਜਾਬ ਰਾਜ ਖਣਿਜ ਖੋਜ ਟਰੱਸਟ ਨਿਯਮ, 2025 ਸ਼ਾਮਲ ਹੈ, ਨੂੰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਖਾਣਾਂ ਅਤੇ ਖਣਿਜ ਪਦਾਰਥ (ਵਿਕਾਸ ਅਤੇ ਵਿਨਿਯਮਨ) ਐਕਟ, 1957 (1957 ਦਾ ਕੇਂਦਰੀ ਐਕਟ ਨੰ. 67) ਦੀ ਧਾਰਾ 28 (3) ਅਧੀਨ ਲੋੜੀਂਦਾ ਹੈ ।

(3) ਸਾਲ 2024-25 ਲਈ ਪੰਜਾਬ ਜਲ ਨਿਯੰਤਰਨ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਰਿਪੋਰਟ, ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਜਲ ਸਰੋਤ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਐਕਟ, 2020 ਦੀ ਧਾਰਾ 37 ਅਧੀਨ ਲੋੜੀਂਦਾ ਹੈ।

(4) ਸਾਲ 2023-24 ਲਈ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 41ਵੀਂ ਸਾਲਾਨਾ ਰਿਪੋਰਟ, ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 (1) (ਅ) ਅਧੀਨ ਲੋੜੀਂਦਾ ਹੈ।

-------

**1135/amandeep kaur**

**MOTION REGARDING SUSPENSION OF CERTAIN RULES OF THE RULES OF PROCEDURE AND CONDUCT OF BUSINESS IN THE PUNJAB VIDHAN SABHA (PUNJAB LEGISLATIVE ASSEMBLY)**

**ਮਾਣਯੋਗ ਸਪੀਕਰ:** ਸੰਸਦੀ ਮਾਮਲੇ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> "ਕਿ ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ (ਪੰਜਾਬ ਲੈਜਿਸਲੇਟਿਵ ਅਸੈਂਬਲੀ), ਜਿਸ ਨੂੰ ਇਸ ਦੇ 12ਵੇਂ ਸਮਾਗਮ ਦੌਰਾਨ ਕੁੱਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਮੁੜ ਇਕੱਤਰ ਹੋਣ ਲਈ ਬੁਲਾਇਆ ਗਿਆ ਹੈ, ਦੀ ਇਸ ਵਿਸ਼ੇਸ਼ ਬੈਠਕ ਦੌਰਾਨ ਕੇਵਲ ਸਰਕਾਰੀ ਕੰਮ-ਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮ-ਕਾਰ, ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਾਰੇ ਸਬੰਧਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

> "ਕਿ ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ (ਪੰਜਾਬ ਲੈਜਿਸਲੇਟਿਵ ਅਸੈਂਬਲੀ), ਜਿਸ ਨੂੰ ਇਸ ਦੇ 12ਵੇਂ ਸਮਾਗਮ ਦੌਰਾਨ ਕੁੱਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਮੁੜ ਇਕੱਤਰ ਹੋਣ ਲਈ ਬੁਲਾਇਆ ਗਿਆ ਹੈ, ਦੀ ਇਸ ਵਿਸ਼ੇਸ਼ ਬੈਠਕ ਦੌਰਾਨ ਕੇਵਲ ਸਰਕਾਰੀ ਕੰਮ-ਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮ-ਕਾਰ, ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਾਰੇ ਸਬੰਧਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) :** ਸਪੀਕਰ ਸਾਹਿਬ, ਬਿਲ ਬਹੁਤ important ਹੈ, past ਦੀਆਂ ਸਾਰੀਆਂ ਸਰਕਾਰਾਂ ਤੋਂ ਲੈ ਕੇ ਹੁਣ ਤੱਕ ਚੌਥੀ, ਪੰਜਵੀਂ attempt ਹੋ ਰਹੀ ਹੈ। ਸਾਡੀ ਗੁਜ਼ਾਰਿਸ਼ ਇੰਨੀ ਹੈ ਕਿ ਜਦੋਂ ਤੁਸੀਂ ਇੱਕ effort ਕਰਕੇ ਵਿਧਾਨ ਸਭਾ ਸੱਦਦੇ ਹੋ, ਪੰਜਾਬ ਵਿੱਚ ਹੋਰ ਬਹੁਤ ਮੁੱਦੇ ਹਨ, ਲਾਅ ਐਂਡ ਆਰਡਰ ਦਾ ਮੁੱਦਾ ਹੈ, ਡਰੱਗਜ਼

ਦਾ ਮੁੱਦਾ ਹੈ, ਬਹੁਤ ਸਾਰੇ ਹੋਰ ਵੀ ਮਸਲੇ ਹਨ। ਜ਼ੀਰੋ ਆਵਰ ਅਤੇ ਜਿਹੜਾ Question Hour ਹੈ, ਜਿਹੜਾ ਸਾਡਾ basic inherent right ਹੈ, ਜੇ ਆਪਾਂ ਉਸ ਤੋਂ ਹੀ ਵਾਂਝਿਆਂ ਰੱਖਦੇ ਹਾਂ, what is the purpose of the whole exercise? ਮੇਰੀ ਗੁਜ਼ਾਰਿਸ਼ ਹੈ ਕਿ ਉਨ੍ਹਾਂ ਨੂੰ ਵੀ include ਕੀਤਾ ਜਾਵੇ। ਸਪੀਕਰ ਸਾਹਿਬ, ਸੈਸ਼ਨ ਦਾ ਇੱਕ ਅੱਧਾ ਜਾਂ ਦੋ ਦਿਨ ਵਧਾ ਦਿਉ, ਇਸ ਤਰ੍ਹਾਂ ਜ਼ਰੂਰ ਕਰੋ ਜੀ। ਅਸੀਂ ਬਕਾਇਦਾ ਤੌਰ ਤੇ ਇਸ ਗੱਲ ਦੇ ਨਾਲ ਸਹਿਮਤ ਹਾਂ ਪਰ ਇਹ ਸਾਡੇ ਬੁਨਿਆਦੀ ਹੱਕ ਹਨ। ਉਸ ਦੇ ਵਾਸਤੇ ਵੀ ਸਾਨੂੰ ਟਾਈਮ ਮਿਲਣਾ ਚਾਹੀਦਾ ਹੈ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ) :** ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਆਪੋਜ਼ੀਸ਼ਨ ਦੇ ਲੀਡਰ ਬਾਜਵਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ, ਮੇਰੇ ਖਿਆਲ ਵਿੱਚ ਅੱਜ ਦਾ ਦਿਨ ਖਾਸ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਵਾਸਤੇ, ਸਖਤ ਕਾਨੂੰਨ ਬਣਾਉਣ ਵਾਸਤੇ, ਡਿਬੇਟ ਕਰਨ ਵਾਸਤੇ ਬੁਲਾਇਆ ਗਿਆ ਹੈ। ਤੁਹਾਡੇ ਜਿਹੜੇ ਬੁਨਿਆਦੀ ਹੱਕ ਹਨ, ਉਨ੍ਹਾਂ ਸਭ ਹੱਕਾਂ ਵਿੱਚੋਂ ਸਭ ਤੋਂ ਪਹਿਲਾਂ ਹੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਰੱਖਿਆ ਹੋਣਾ ਚਾਹੀਦਾ ਹੈ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਜਦੋਂ ਅਸੀਂ 5-5, 8-8 ਦਿਨ ਦਾ ਸੈਸ਼ਨ ਬੁਲਾਉਂਦੇ ਹਾਂ ਉਦੋਂ ਤੁਸੀਂ ਬਾਈਕਾਟ ਕਰਕੇ ਚਲੇ ਜਾਂਦੇ ਹੋ। ਤੁਹਾਡੀ ਮੰਗ ਇਹ ਹੁੰਦੀ ਹੈ ਕਿ ਸੈਸ਼ਨ ਵਧਾਇਆ ਜਾਵੇ। ਮੈਂ ਕਹਿੰਦਾ ਹਾਂ ਕਿ ਇੱਥੇ ਬੈਠਿਆ ਜਾਵੇ। ਕਿਰਪਾ ਕਰਕੇ ਇੱਥੋਂ ਬਾਈਕਾਟ ਨਾ ਕੀਤਾ ਜਾਵੇ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅੱਜ ਜਦੋਂ ਕਦੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਅਸੀਂ ਆਪਣੇ ਘਰ ਲੈ ਕੇ ਆਉਂਦੇ ਹਾਂ, ਅਖੰਡ ਪਾਠ ਸਾਹਿਬ ਹੁੰਦਾ ਹੈ, ਕੋਈ ਵੀ ਕੰਮ ਉਸ ਵੇਲੇ ਹੋਰ ਨਹੀਂ ਹੁੰਦਾ ਜਿੰਨਾ ਚਿਰ ਗੁਰੂ ਗ੍ਰੰਥ ਜੀ ਦੇ ਭੋਗ ਦੀ ਰਸਮ ਅਦਾ ਨਹੀਂ ਹੋ ਜਾਂਦੀ। ਜੇਕਰ ਕਿਸੇ ਨੇ ਕੋਈ ਰਿਸ਼ਤਾ ਕਰਨਾ, ਰਸਮਾਂ ਕਰਨੀਆਂ, ਕਿਸੇ ਨੇ ਕੋਈ ਸ਼ਗਨ ਪਾਉਣੇ ਹਨ, ਉਹ ਵੀ ਬਾਅਦ ਵਿੱਚ ਕੀਤੇ ਜਾਂਦੇ ਹਨ। ਅੱਜ ਦਾ ਦਿਨ ਸਪੈਸ਼ਲੀ 13 ਅਪ੍ਰੈਲ, 1699 ਨਾਲ ਜੋੜ ਕੇ ਇਸ ਕਰਕੇ ਰੱਖਿਆ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਹੋਰ ਕੋਈ ਵੀ ਇਸ ਤਰ੍ਹਾਂ ਦਾ ਕੰਮ ਅੱਜ ਸੈਸ਼ਨ ਵਿੱਚ ਨਾ ਕੀਤਾ ਜਾਵੇ, ਜਿਸ ਦੇ ਨਾਲ ਸਾਡੇ ਕੋਈ ਆਰਗੂਮੈਂਟ ਹੋਣ। ਰਾਜਨੀਤਿਕ ਮੱਤਭੇਦ ਤਾਂ ਚੱਲਦੇ ਰਹਿਣਗੇ। ਕਿਰਪਾ ਕਰਕੇ ਅੱਜ ਦੇ ਦਿਨ ਨੂੰ ਬਖਸ਼ ਦਿਉ।

**1140/Tarlochan Singh**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

> ਕਿ ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ (ਪੰਜਾਬ ਲੈਜਿਸਲੇਟਿਵ ਅਸੈਂਬਲੀ), ਜਿਸ ਨੂੰ ਇਸ ਦੇ 12ਵੇਂ ਸਮਾਗਮ ਦੌਰਾਨ ਕੁੱਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਮੁੜ ਇਕੱਤਰ ਹੋਣ ਲਈ ਬੁਲਾਇਆ ਗਿਆ ਹੈ, ਦੀ ਇਸ ਵਿਸ਼ੇਸ਼ ਬੈਠਕ ਦੌਰਾਨ ਕੇਵਲ ਸਰਕਾਰੀ ਕੰਮ-ਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮ-ਕਾਰ, ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ

ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਾਰੇ ਸਬੰਧਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।

**(ਆਵਾਜ਼ਾਂ :** ਹਾਂ ਜੀ, ਹਾਂ ਜੀ।**)**

(ਇਸ ਸਮੇਂ 'ਨਾਹ' ਦੀ ਕੋਈ ਆਵਾਜ਼ ਨਹੀਂ ਆਈ।)

**ਮਾਣਯੋਗ ਸਪੀਕਰ** : (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਹਾਂ ਹੈ ਕਿ ਨਾਂਹ ਹੈ ਜੀ? ਕੀ ਸਰਬਸੰਮਤੀ ਹੈ? ਕੀ ਤੁਸੀਂ ਵੀ ਨਾਲ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਤੁਸੀ ਹੁਕਮ ਹੀ ਕਰ ਦਿੱਤਾ ਹੈ ਤਾਂ ਅਸੀਂ ਤੁਹਾਡੇ ਨਾਲ ਹਾਂ।

**ਮਾਣਯੋਗ ਸਪੀਕਰ** : ਠੀਕ ਹੈ ਜੀ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** *(ਥੰਪਿੰਗ)*

---

## LEGISLATIVE BUSINESS

### THE JAAGAT JOT SRI GURU GRANTH SAHIB SATKAR (AMENDMENT) BILL, 2026

**ਮਾਣਯੋਗ ਸਪੀਕਰ** : ਅਗਲੀ ਆਈਟਮ, ਵਿਧਾਨਕ ਕੰਮ ਕਾਰ। ਮਾਣਯੋਗ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨਗੇ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਸ਼੍ਰੀਮਾਨ ਜੀ, ਮੈਂ The Jaagat Jot Sri Guru Granth Sahib Satkar (Amendment) Bill, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਤੇ ਤੁਰੰਤ ਤੇ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਵਾਹਿਗੁਰੂ, ਵਾਹਿਗੁਰੂ ॥ ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਹੇ ਸੱਚੇ ਪਾਤਸ਼ਾਹ, ਸ੍ਰੀ ਗੁਰੂ ਗਰੰਥ ਸਾਹਿਬ ਮਹਾਰਾਜ ਜੀ, ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥ ਸੱਚੇ ਪਾਤਸ਼ਾਹ ਜੀ, ਮਰਿਆਦਾ ਸਹਿਤ ਇਹ ਸੇਵਾ ਆਪਣੇ ਦਾਸਾਂ ਤੋਂ, ਜਿਨ੍ਹਾਂ ਦੀ ਡਿਊਟੀ ਆਪ ਜੀ ਨੇ ਪੰਜਾਬ ਵਿਧਾਨ ਸਭਾ ਵਿੱਚ ਲਗਾਈ ਹੈ, ਉਨ੍ਹਾਂ ਤੋਂ ਸੇਵਾ ਲਉ, ਆਪ ਜੀ ਸਹਾਈ ਹੋਵੋ।

ਮੈਂ ਹੁਣ ਗੁਜ਼ਾਰਿਸ਼ ਕਰਦਾ ਹਾਂ ਕਿ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੇ ਵਿਧਾਇਕ ਸਰਦਾਰ ਹਰਜੋਤ ਸਿੰਘ ਬੈਂਸ, ਜਿਹੜੇ ਕਿ ਮਾਣਯੋਗ ਕੈਬਨਿਟ ਮੰਤਰੀ ਹਨ, ਇਸ ਬਹਿਸ ਦੀ ਸ਼ੁਰੂਆਤ ਕਰਨਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਟਾਈਮਿੰਗ ਦੱਸ ਦਿਉ।

**ਮਾਣਯੋਗ ਸਪੀਕਰ** : ਤੁਸੀਂ ਬੋਲ ਲੈਣਾ ਜੀ। You can speak.

**ਸਕੂਲ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਅੱਜ ਦੇ ਇਤਿਹਾਸਿਕ ਅਤੇ ਬੇਹੱਦ ਮਹੱਤਵਪੂਰਨ ਬਿਲ ਤੇ ਆਪ ਜੀ ਨੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਬਿਲ ਦੇ ਸਮਰਥਨ ਵਿੱਚ ਖੜ੍ਹਾ ਹੋਇਆ ਹਾਂ। ਮੈਂ ਆਪਣੇ ਆਪ ਨੂੰ ਬਹੁਤ ਵਡਭਾਗਾ ਸਮਝਦਾ ਹਾਂ, ਇਹ ਅਕਾਲ ਪੁਰਖ ਅਤੇ ਗੁਰੂ ਸਾਹਿਬ ਦੀ ਕਿਰਪਾ ਹੈ। ਅਸੀਂ ਬੜੇ ਸਾਧਾਰਨ ਘਰਾਂ ਤੋਂ ਆਉਂਦੇ ਹਾਂ। ਅਸੀਂ ਇਹ ਕਦੀ ਸੋਚ ਵੀ ਨਹੀਂ ਸਕਦੇ ਸੀ। ਇਹ ਸਭ ਬਾਦਸ਼ਾਹ ਦਰਵੇਸ਼ ਦੀ ਕਿਰਪਾ ਹੈ ਕਿ ਅਸੀਂ ਇੱਥੇ ਪਹੁੰਚੇ ਹਾਂ ਅਤੇ ਉਹ ਅੱਜ ਇਹ ਸੇਵਾ ਸਾਡੇ ਸਾਰਿਆਂ ਹੱਥੋਂ ਲੈ ਰਹੇ ਹਨ। ਮੈਂ ਗੁਰੂ ਸਾਹਿਬ ਦੇ ਸ਼ੁਕਰਾਨੇ ਤੋਂ ਆਪਣੀ ਗੱਲ ਸ਼ੁਰੂ ਕਰਾਂਗਾ।

ਜਿਵੇਂ ਆਪ ਜੀ ਨੇ ਆਖਿਆ ਕਿ ਮੈਂ ਸ੍ਰੀ ਅਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦਾ ਹਾਂ, ਮੈਂ ਅਕਸਰ ਇਹ ਸਮਝਦਾ ਹਾਂ ਕਿ ਦੁਨੀਆਂ ਵਿੱਚ ਇਸ ਤੋਂ ਵੱਡਾ ਕੋਈ ਖਿਤਾਬ ਨਹੀਂ ਹੋ ਸਕਦਾ। ਸ੍ਰੀ ਕੀਰਤਪੁਰ ਸਾਹਿਬ ਦੀ ਉਹ ਮਹਾਨ ਪਾਵਨ ਧਰਤੀ ਜਿੱਥੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਕੀਤਾ, ਅੱਜ ਤੋਂ ਠੀਕ 400 ਸਾਲ ਪਹਿਲਾਂ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਸ਼ਹਿਰ ਵਸਾਇਆ। ਉਥੇ ਸੱਤਵੇਂ ਪਾਤਸ਼ਾਹ ਅਤੇ ਅੱਠਵੇਂ ਪਾਤਸ਼ਾਹ ਦਾ ਜਨਮ ਹੋਇਆ। ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਤੋਂ ਚੱਲ ਕੇ ਚੱਕ ਨਾਨਕੀ ਜੋ ਅੱਜ ਦਾ ਅਨੰਦਪੁਰ ਸਾਹਿਬ ਹੈ, ਵਸਾਇਆ ਤੇ ਫਿਰ ਇਸੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਹੋਇਆ, ਉਸੇ ਚੱਕ ਨਾਨਕੀ ਦਾ ਨਾਂ ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਰੱਖਿਆ। ਅੱਜ ਤੋਂ ਠੀਕ 327 ਸਾਲ ਪਹਿਲਾਂ ਦਸਵੇਂ ਪਾਤਸ਼ਾਹ, ਬਾਦਸ਼ਾਹ ਦਰਵੇਸ਼, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੂਰੀ ਕਾਇਨਾਤ ਨੂੰ ਖਾਲਸੇ ਦੇ ਰੂਪ ਵਿੱਚ ਸਭ ਤੋਂ ਸੋਹਣਾ ਤੋਹਫਾ ਦਿੱਤਾ, ਅੱਜ ਉਹੀ 13 ਅਪ੍ਰੈਲ ਹੈ ਅਤੇ ਅੱਜ ਅਸੀਂ 13 ਅਪ੍ਰੈਲ, 2026 ਵਿੱਚ ਹਾਂ।

ਐਸੀ ਮਹਾਨ ਪਵਿੱਤਰ ਧਰਤੀ ਦੀ ਨੁਮਾਇੰਦਗੀ ਕਰਦਿਆਂ ਤੇ ਗੁਰੂ ਸਾਹਿਬ ਦਸਵੇਂ ਪਾਤਸ਼ਾਹ ਦਾ ਹੁਕਮ ਹੈ "ਗੁਰੂ ਮਾਨਿਉ ਗਰੰਥ", ਐਸੀ ਜਾਗਤ ਜੋਤ ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਅਤੇ ਸਤਿਕਾਰ ਲਈ ਇਹ ਜਿਹੜਾ

ਬਿਲ ਸਾਡੀ ਸਰਕਾਰ ਲਿਆਈ ਹੈ, ਮੈਂ ਸਮਝਦਾ ਹਾਂ ਕਿ ਮਾਨ ਸਾਹਿਬ ਤੇ ਅਤੇ ਪੂਰੀ ਸਰਕਾਰ ਤੇ ਗੁਰੂ ਸਾਹਿਬ ਦੀ ਬਹੁਤ ਕਿਰਪਾ ਹੈ। ਇਹ ਮੌਕਾ ਬਹੁਤ ਸਾਰੀਆਂ ਪੰਥਕ ਸਰਕਾਰਾਂ ਨੂੰ ਵੀ ਮਿਲਿਆ ਸੀ ਪਰੰਤੂ ਉਨ੍ਹਾਂ ਨੇ ਰੱਖਿਆ ਤਾਂ ਕੀ ਕਰਨੀ ਸੀ, ਆਪਾਂ ਸਾਰੇ ਹੀ ਜਾਣਦੇ ਹਾਂ, ਆਪਾਂ ਉਸ ਪਾਸੇ ਨਾ ਜਾਈਏ। ਸਤਿਕਾਰ ਤਾਂ ਦੂਰ ਦੀ ਗੱਲ ਹੈ, ਉਹ ਖੁਦ ਬੇਅਦਬੀ ਦੇ ਦੋਸ਼ੀ ਹਨ, ਉਨ੍ਹਾਂ ਨੇ ਖੁਦ ਆਪ ਅਕਾਲ ਤਖਤ ਸਾਹਿਬ ਵਿਖੇ ਕਬੂਲਨਾਮਾ ਕੀਤਾ ਹੈ ਕਿ ਹਾਂ, ਅਸੀਂ ਬੇਅਦਬੀਆਂ ਕਰਵਾਈਆਂ ਹਨ।

ਮੈਂ ਬਤੌਰ ਵਿਧਾਇਕ ਅਤੇ ਦਿਲੋਂ ਸਿੱਖ ਹੋਣ ਦੇ ਨਾਤੇ ਆਪਣੇ ਮੁੱਖ ਮੰਤਰੀ ਸਾਹਿਬ ਦਾ ਅਤੇ ਸਮੁੱਚੀ ਲੀਡਰਸ਼ਿਪ, ਸਰਕਾਰ, ਜਿੰਨੇ ਵੀ ਸੰਤ ਮਹਾਂਪੁਰਖ ਹਨ, ਸਿੱਖ ਸਕਾਲਰਜ਼ ਹਨ, ਜਿਨ੍ਹਾਂ ਨੇ ਇਸ ਬਿਲ ਨੂੰ ਬਣਾਉਣ ਵਿੱਚ ਮਦਦ ਕੀਤੀ ਹੈ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਜਦੋਂ ਅਨੰਦਪੁਰ ਸਾਹਿਬ ਦੀ ਗੱਲ ਹੋਈ ਹੈ ਤਾਂ ਮੈਂ ਇੱਕ ਵਾਰ ਫਿਰ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਸਾਡੀ ਸਰਕਾਰ ਵਿੱਚ ਉਸ ਖਾਲਸੇ ਦੀ ਜਨਮ ਭੂਮੀ ਨੂੰ ਜੋ ਮਾਣ ਮਿਲਿਆ ਹੈ, ਸੀ.ਐਮ. ਸਾਹਿਬ ਵੱਲੋਂ ਇਹ ਵਿਧਾਨ ਸਭਾ ਹੀ ਚੁੱਕ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਰੱਖ ਦਿੱਤੀ ਗਈ ਸੀ, 350 ਸਾਲਾ ਸਮਾਗਮ ਬਹੁਤ ਅਦਬ ਅਤੇ ਸਤਿਕਾਰ ਨਾਲ ਮਨਾਇਆ ਗਿਆ ਹੈ।

**1140/Tarlochan Singh/Monika sharma**

**1145/mehak**

ਮੈਂ Constitutional Law ਵਿੱਚ ਐਲ.ਐਲ.ਐਮ. ਕੀਤੀ ਹੈ। ਮੈਂ ਕਹਾਂਗਾ ਕਿ legally ਇਹ ਇੱਕ comprehensive Bill ਹੈ ਜਿਸ ਵਿੱਚ ਸਾਰਾ ਕੁਝ ਦੇਖਿਆ ਗਿਆ ਹੈ ਅਤੇ ਇਹ ਇੱਕ ਦੂਰ ਦ੍ਰਿਸ਼ਟੀ ਵਾਲਾ ਬਿਲ ਹੈ ਜਿਸ ਵਿੱਚ desecration ਅਤੇ ਬੇਅਦਬੀ ਦੀ definition ਨੂੰ ਕੰਪਲੀਟ ਲਿਆ ਗਿਆ ਹੈ। ਸੈਕਸ਼ਨ 4(A) ਅਨੁਸਾਰ ਇੱਕ ਗਜ਼ਟਿਡ ਅਫਸਰ ਯਾਨੀ ਡੀ.ਐਸ.ਪੀ. ਦੇ ਰੈਂਕ ਤੋਂ ਥੱਲੇ ਦਾ ਅਧਿਕਾਰੀ ਇਸ ਦੀ ਜਾਂਚ ਨਹੀਂ ਕਰ ਸਕਦਾ ਹੈ। ਇਹ ਯਕੀਨੀ ਬਣਾਇਆ ਗਿਆ ਹੈ ਕਿ ਟਾਈਮ ਬਾਊਂਡ ਪੀਰੀਅਡ ਵਿੱਚ ਜਾਂਚ ਹੋਵੇਗੀ, Sessions triable ਹੈ, non-bailable ਹੈ, cognizable ਤੇ non-compoundable ਹੈ ਮਤਲਬ ਦੁਨੀਆ ਵਿੱਚ ਕਦੇ ਵੀ ਇਸ ਦਾ ਸਮਝੌਤਾ ਨਹੀਂ ਹੋ ਸਕਦਾ ਹੈ ਤੇ ਇਸ ਦੀ ਉਮਰ ਕੈਦ ਦੀ ਸਜ਼ਾ ਹੈ ਤੇ 25 ਲੱਖ ਰੁਪਏ ਜ਼ੁਰਮਾਨਾ ਹੈ। ਇਕੱਲਾ ਦੋਸ਼ੀ ਹੀ ਨਹੀਂ, ਜੋ ਵੀ abet ਕਰੇਗਾ ਤੇ ਜਿਸ ਦਾ ਵੀ ਕਿਸੇ ਤਰੀਕੇ ਦਾ ਰੋਲ ਪਾਇਆ ਜਾਵੇਗਾ, ਉਸ ਨੂੰ ਵੀ ਬਰਾਬਰ ਦੀ ਸਜ਼ਾ ਦਾ ਪ੍ਰੋਵੀਜ਼ਨ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਸਾਡੇ ਸਾਰਿਆਂ ਲਈ ਅੱਜ ਬੜਾ ਭਾਵੁਕ ਪਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਕੱਲੇ ਸਿੱਖਾਂ ਦੀ ਹੀ ਨਹੀਂ ਬਲਕਿ ਸਭ ਦੀ ਆਸਥਾ ਹੈ, ਪੂਰੀ ਦੁਨੀਆਂ ਵਿੱਚ ਵਸਦੇ ਹਿੰਦੂਆਂ ਦੀ ਵੀ ਆਸਥਾ ਹੈ, ਮੁਸਲਮਾਨਾਂ ਦੀ ਵੀ ਆਸਥਾ ਹੈ, ਸਭ ਦੀ ਆਸਥਾ ਹੈ ਤੇ ਅੱਜ ਇਸ ਬਿਲ ਨਾਲ ਸਾਡੇ ਸਾਰਿਆਂ ਦੇ ਮਨ ਨੂੰ ਬੜਾ ਸਕੂਨ ਹੈ ਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਇਹੀ ਅਰਦਾਸ ਹੈ ਕਿ ਉਹ ਆਪ ਸਾਡੇ ਸੀਸ ਤੇ ਹੱਥ ਰੱਖ ਕੇ ਇਸ ਬਿਲ ਨੂੰ ਪਾਸ ਕਰਵਾਉਣ ਤੇ ਮੈਂ ਹਾਊਸ ਨੂੰ ਵੀ ਬੇਨਤੀ ਕਰਾਂਗਾ ਕਿ ਇਹ ਬਿਲ ਸਰਬਸੰਮਤੀ ਨਾਲ ਪਾਸ ਹੋਵੇ। ਇੱਕ ਵਾਰੀ ਦੁਬਾਰਾ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਇਸ ਮਹਾਨ ਤੇ ਪਵਿੱਤਰ ਬਿਲ ਦੀ ਡਿਬੇਟ ਦੀ ਸ਼ੁਰੂਆਤ ਲਈ ਆਪ ਜੀ ਨੇ ਮੈਨੂੰ ਮੌਕਾ ਦਿੱਤਾ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਖਾਲਸੇ ਦੀ ਵਿਲੱਖਣਤਾ ਦੀ ਪਹਿਚਾਣ, ਸਰਬ ਸਾਂਝੀਵਾਲਤਾ ਦਾ ਮੈਸੇਜ ਦੇਣ ਵਾਲੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ, ਜਿੱਥੇ ਕਿ ਸ੍ਰੀ ਅਕਾਲ ਤਖਤ ਸਾਹਿਬ ਸੁਸ਼ੋਭਿਤ ਹਨ, ਉੱਥੋਂ ਦੇ ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਜਰ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ)**: ਮਿਹਰਬਾਨੀ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਤਾਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀ ਮੈਂ ਸਮੂਹ ਸਮਾਜ ਨੂੰ ਅਤੇ ਸਮੂਹ ਹਾਊਸ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਮੈਂ ਆਪ ਜੀ ਦਾ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਆਪ ਜੀ ਨੇ ਮੈਨੂੰ ਇਸ ਸੰਵੇਦਨਸ਼ੀਲ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਮਾਜ ਵਿੱਚ ਚਾਹੀਦਾ ਤਾਂ ਇਹ ਹੈ ਕਿ ਅਸੀਂ ਸਭ ਬਰਾਬਰ ਹਾਂ, ਰੱਬ ਦੇ ਬੰਦੇ ਹਾਂ ਔਰ ਰੰਗ ਰੂਪ, ਕੱਦ ਕਾਠ, ਧਰਮ, ਜਾਤ-ਪਾਤ ਤੇ ਕੋਈ ਵੰਡੀਆਂ ਨਾ ਹੋਣ ਔਰ ਇੱਕ ਸਮਾਜ ਇਹੋ ਜਿਹਾ ਹੋਵੇ ਜਿਸ ਵਿੱਚ ਬਰਾਬਰਤਾ ਹੋਵੇ ਪਰ ਵੇਖਿਆ ਜਾਂਦਾ ਹੈ ਕਿ ਸਭ ਦਾ ਚੇਤਨਾ ਦਾ ਮਿਆਰ ਹੈ ਤੇ ਸਭ ਦੀ ਸੋਚ ਬਰਾਬਰ ਨਹੀਂ ਹੁੰਦੀ ਤੇ ਸਮਾਜ ਵਿੱਚ ਕੁਝ ਲੋਕ ਇਹੋ ਜਿਹੇ ਹੁੰਦੇ ਹਨ ਜੋ ਭਾਈਚਾਰੇ ਨੂੰ ਵਿਗਾੜਨਾ ਚਾਹੁੰਦੇ ਹਨ, ਜੋ ਵੰਡੀਆਂ ਪਾਉਣੀਆਂ ਚਾਹੁੰਦੇ ਹਨ, ਇਸ ਕਰਕੇ ਇਹ ਕਾਨੂੰਨ ਬਣਾਉਣੇ ਜ਼ਰੂਰੀ ਹੋ ਜਾਂਦੇ ਹਨ। ਸੋ, ਬਹੁਤ ਦੇਰ ਤੋਂ ਸਮਾਜ ਦੀ ਇੱਕ ਮੰਗ ਸੀ ਕਿ ਇੱਕ ਕਾਨੂੰਨ ਬਣਾਇਆ ਜਾਵੇ ਜਿਸ ਨਾਲ ਬੇਅਦਬੀ ਕਰਨ ਵਾਲੇ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਜਿਹੜੇ ਪਹਿਲਾਂ ਕਾਨੂੰਨ ਸੀ ਤਾਂ ਉਸ ਅਧੀਨ ਆਮ ਤੌਰ ਤੇ ਜਿਹੜਾ ਕਾਨੂੰਨ ਭੰਗ ਕਰਦਾ ਸੀ ਤੇ ਬੇਅਦਬੀ ਕਰਦਾ ਸੀ, ਉਹ ਬਹੁਤ ਛੇਤੀ ਜੇਲ੍ਹ ਤੋਂ ਬਾਹਰ ਆ ਜਾਂਦਾ ਸੀ। ਇਸ ਕਰਕੇ ਇਹ ਕਾਨੂੰਨ ਬਣਾਉਣਾ ਲਾਜ਼ਮੀ ਸੀ। ਹੁਣ ਇਹ ਜਿਹੜਾ ਕਾਨੂੰਨ ਬਣਿਆ ਹੈ, ਇਹ ਬਹੁਤ ਅੱਛਾ ਕਾਨੂੰਨ ਹੈ ਤੇ ਮੈਂ ਮਾਨ ਸਾਹਿਬ ਨੂੰ ਬਹੁਤ ਵਧਾਈ ਦਿੰਦਾ ਹਾਂ ਤੇ ਆਪਣੇ ਸਮੂਹ ਸੀਨੀਅਰਜ਼ ਨੂੰ ਵਧਾਈ ਦਿੰਦਾ ਹਾਂ ਕਿ ਇਹ ਕਿੰਨਾ ਅੱਛਾ ਐਕਟ ਲੈ ਕੇ ਆਏ ਹਨ ਤੇ ਇਹ ਸਭ ਦੀ ਰਜ਼ਾਮੰਦੀ ਨਾਲ ਬਣ ਰਿਹਾ ਹੈ। ਇਸ ਬਾਰੇ ਕਿੰਤੂ ਪਰੰਤੂ ਨਾ ਹੀ ਕਰੀਏ ਤਾਂ ਚੰਗਾ ਹੈ ਕਿਉਂਕਿ ਸਾਨੂੰ ਇਸ ਦੀ ਬਹੁਤ ਲੋੜ ਹੈ। ਜਿਵੇਂ ਕਹਿੰਦੇ ਹਨ ਕਿ Justice delayed is justice denied. ਸੋ, ਜੇ ਅਸੀਂ ਫੈਸਲਾ ਕਰਨ ਵਿੱਚ ਦੇਰ ਕਰੀ ਜਾਵਾਂਗੇ ਤਾਂ ਫਿਰ ਆਪਾਂ ਕਿਸੇ ਨੂੰ ਕੀ ਕਾਨੂੰਨ ਦੇ ਰਹੇ ਹਾਂ। ਇਸ ਕਰਕੇ ਇਹ ਕਾਨੂੰਨ ਬਹੁਤ ਲਾਜ਼ਮੀ ਹੈ ਤੇ ਮੈਂ ਪ੍ਰੋੜ੍ਹਤਾ ਕਰਦਾ ਹਾਂ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਨੂੰ ਮਨਜ਼ੂਰੀ ਦਿੱਤੀ ਜਾਵੇ ਤੇ ਮੈਂ ਇਸ ਹੱਕ ਵਿੱਚ ਹਾਂ ਕਿ ਇਹ ਬਿਲ ਮਨਜ਼ੂਰ ਹੋਵੇ। ਬਹੁਤ ਬਹੁਤ ਮਿਹਰਬਾਨੀ।

**ਮਾਣਯੋਗ ਸਪੀਕਰ**: ਬਹੁਤ ਧੰਨਵਾਦ ਜੀ। ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)**: ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤਾਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਕੱਲ੍ਹ ਵਿਸਾਖੀ ਅਤੇ ਖਾਲਸਾ ਜਨਮ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਤਖਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ ਤੇ ਨਤਮਸਤਕ ਹੋ ਕੇ ਆਏ ਹਨ ਤੇ ਉੱਥੇ ਤਹਿਸੀਲ ਕੰਪਲੈਕਸ ਦਾ ਉਦਘਾਟਨ ਵੀ ਕਰਕੇ ਆਏ ਹਨ। ਯਾਨੀ ਕਿ ਉਸ ਧਰਤੀ ਤੇ ਉਦਘਾਟਨ ਕਰਕੇ ਆਏ ਹਨ ਜਿਹੜੀ ਗੁਰੂ ਸਾਹਿਬਾਨਾਂ ਦੀ ਧਰਤੀ ਹੈ ਤੇ ਜਿੱਥੇ ਵੱਖਰੀਆਂ ਵੱਖਰੀਆਂ ਸਰਕਾਰਾਂ ਰਹਿ ਕੇ ਗਈਆਂ ਹੋਣ ਪਰ ਪਿਛਲੇ 40 ਸਾਲਾਂ ਤੋਂ ਉੱਥੇ ਇੱਟ ਨਾ ਲੱਗੀ ਹੋਵੇ ਜੀ।

**1145/mehak/Monika sharma**

11:50/13.4.2026

ਸੋ, ਪਹਿਲਾਂ ਤਾਂ ਸੀ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ ਹੈ ਤੇ ਤੁਸੀਂ ਮੈਨੂੰ ਅੱਜ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ ਜੀ। ਮੈਂ ਕਹਾਂਗੀ ਕਿ ਇਹ ਬਿਲ ਸਿਰਫ ਇਸ ਨੂੰ ਜੇ ਕਹਾਂ ਕਿ ਇਹ ਕਾਨੂੰਨ ਨਹੀਂ ਹੈ, ਇਸ ਨੂੰ ਹੋਰ ਤਰੀਕੇ ਨਾਲ ਡਿਟੇਲ ਵਿੱਚ ਰੱਖੀਏ ਤਾਂ ਪੰਜਾਬ ਦੀ ਰੂਹ, ਪੰਜਾਬ ਦਾ ਦਿਲ, ਪੰਜਾਬ ਦੀਆਂ ਆਤਮਿਕ ਪਰੰਪਰਾਵਾਂ ਤੇ ਖਾਸ ਕਰਕੇ ਪੰਜਾਬ ਦੇ ਜਿਹੜੇ ਵੱਖਰੇ ਵੱਖਰੇ ਧਰਮਾਂ ਦੇ ਲੋਕ, ਉਨ੍ਹਾਂ ਦੇ ਧਰਮਾਂ ਪ੍ਰਤੀ ਵਿਸ਼ਵਾਸ ਨੂੰ ਕਾਇਮ ਰੱਖਣ ਦਾ ਇੱਕ ਬਹੁਤ ਵੱਡਾ ਫੈਸਲਾ ਹੈ। ਯਾਨੀ ਕਿ ਅੱਜ ਦਾ ਇਹ ਸੈਸ਼ਨ ਸਾਡੀਆਂ ਉਨ੍ਹਾਂ ਸਾਰੀਆਂ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸਮਰਪਿਤ ਹੈ ਜਿਵੇਂ ਕਿ ਅਸੀਂ ਜਦੋਂ ਅਰਦਾਸ ਕਰਦੇ ਹਾਂ ਤਾਂ ਉਸ ਅਰਦਾਸ ਵਿੱਚ ਜਿੱਥੇ ਅਸੀਂ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹਾਂ ਤਾਂ ਅਸੀਂ ਇਹ ਵੀ ਅਰਦਾਸ ਕਰਦੇ ਹਾਂ ਅਤੇ ਇਹ ਵੀ ਕਹਿੰਦੇ ਹਾਂ ਕਿ -

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।।

ਸੋ, ਸਪੀਕਰ ਸਾਹਿਬ, ਯਾਨੀ ਕਿ ਅੱਜ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਦਿਨ ਹੈ ਤੇ ਜੇ ਮੈਂ ਪੰਜਾਬ ਦੀ ਗੱਲ ਕਰਾਂ ਤਾਂ ਪੰਜਾਬ ਦੀ ਪਹਿਚਾਣ ਸਿਰਫ ਇਸ ਦੀ ਖੇਤੀਬਾੜੀ ਕਰਕੇ, ਇਸ ਦੀ ਮਿਹਨਤ ਕਰਕੇ ਜਾਂ ਇਸ ਦੀ ਬਹਾਦਰੀ ਕਰਕੇ ਨਹੀਂ ਹੈ, ਪੰਜਾਬ ਦੀ ਪਹਿਚਾਣ ਤਾਂ ਗੁਰੂ ਸਾਹਿਬ ਦੇ ਸ਼ਬਦਾਂ ਰਾਹੀਂ ਗੁਰਬਾਣੀ ਦੇ ਉਚਾਰਨ ਰਾਹੀਂ ਜਿਹੜੀ ਇਸ ਪੰਜਾਬ ਵਿੱਚ ਸਹਿਣਸ਼ੀਲਤਾ, ਭਾਈਚਾਰਕ ਸਾਂਝ ਯਾਨੀ ਕਿ ਧਰਮਾਂ ਦੀ ਸਾਂਝ ਬਣੀ ਹੋਈ ਹੈ, ਇਸ ਪੰਜਾਬ ਵਿੱਚ ਹਰ ਧਰਮ ਨੂੰ ਬਰਾਬਰ ਦਾ ਸਤਿਕਾਰ ਹੈ ਤਾਂ ਮੈਂ ਸਮਝਦੀ ਹਾਂ ਕਿ ਪੰਜਾਬ ਦੀ ਪਹਿਚਾਣ ਗੁਰੂ ਸਾਹਿਬਾਨ ਦੀ ਗੁਰਬਾਣੀ ਤੋਂ ਓਟ ਲੈਂਦੇ ਹੋਏ ਪੰਜਾਬ ਦੀ ਪਹਿਚਾਣ ਬਣੀ ਹੋਈ ਹੈ। ਜੇ ਇਸ ਨੂੰ ਆਪਾਂ ਅੱਗੇ ਵਧਾਈਏ ਤਾਂ ਪੰਜਾਬ ਦੀ ਉਹ ਧਰਤੀ ਹੈ ਜਿੱਥੇ ਹਰ ਧਰਮ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਗਿਆ ਹੈ। ਪੰਜਾਬ ਵਿੱਚ ਸਾਡੇ ਸਾਰਿਆਂ ਦੀ ਗੁਰਬਾਣੀ ਦੇ ਨਾਲ ਇੰਨੀ-ਕੁ ਸਾਂਝ ਹੈ ਕਿ ਜਦੋਂ ਵੀ ਅਸੀਂ ਇੱਥੇ ਕੋਈ ਕੰਮ ਦੀ ਸ਼ੁਰੂਆਤ ਕਰਦੇ ਹਾਂ ਤਾਂ ਅਸੀਂ ਉਸ ਵੇਲੇ ਵੀ ਗੁਰੂ ਸਾਹਿਬ ਦਾ ਓਟ, ਆਸਰਾ ਲੈ ਕੇ ਸ਼ੁਰੂਆਤ ਕਰਦੇ ਹਾਂ। ਅਸੀਂ ਇਹੀ ਕਹਿੰਦੇ ਹਾਂ ਕਿ -

*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।।*
*ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।*

ਸਪੀਕਰ ਸਾਹਿਬ, ਗੁਰਬਾਣੀ ਦੇ ਨਾਲ ਸਾਡੀ ਰੂਹਾਂ ਦੀ, ਸਾਡੀ ਆਤਮਾ ਦੀ ਬਹੁਤ ਡੂੰਘੀ ਸਾਂਝ ਹੈ। ਸੋ, ਮੈਂ ਇਸ ਨੂੰ ਹੋਰ ਵਿਸਥਾਰ ਵਿੱਚ ਕਹਿਣਾ ਚਾਹਾਂਗੀ ਕਿ ਪੰਜਾਬ ਦੀ ਧਰਤੀ ਜਿੱਥੇ ਗੁਰੂਆਂ, ਪੀਰਾਂ ਦੀ ਧਰਤੀ, ਪੰਜਾਬ ਦੀ ਧਰਤੀ ਜਿੱਥੇ ਪੈਗੰਬਰਾਂ ਦੀ ਧਰਤੀ ਹੈ। ਪੰਜਾਬ ਦੇ ਦਿਨ ਦੀ ਸ਼ੁਰੂਆਤ ਜਦੋਂ ਬਲਦਾਂ ਦੇ ਗਲ ਟੱਲੀਆਂ ਦੀਆਂ ਅਵਾਜ਼ਾਂ ਗੂੰਜਦੀਆਂ ਹਨ, ਯਾਨੀ ਕਿ ਪੰਜਾਬ ਦੇ ਦਿਨ ਦੀ ਸ਼ੁਰੂਆਤ ਜਦੋਂ ਗੁਰੂ ਘਰ ਦੇ ਸਪੀਕਰਾਂ ਵਿੱਚੋਂ ਗੁਰਬਾਣੀ ਦੀ ਗੂੰਜ ਸਾਡੇ ਕੰਨਾਂ ਵਿੱਚ ਪੈਂਦੀ ਹੈ ਯਾਨੀ ਕਿ ਉਸ ਵੇਲੇ ਤੋਂ ਸਾਡੇ ਸਾਰਿਆਂ ਦੀ ਅਤੇ ਸਾਡੇ ਉਸ ਪੰਜਾਬ ਦੀ ਸ਼ੁਰੂਆਤ ਹੁੰਦੀ ਹੈ ਅਤੇ ਅਸੀਂ ਉਸ ਪੰਜਾਬ ਨੂੰ ਬਿਲੌਂਗ ਕਰਦੇ ਹਾਂ। ਪਿਛਲੇ ਦਿਨਾਂ ਵਿੱਚ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਸ ਨੇ ਸਾਡੇ ਪੰਜਾਬ ਦੇ

ਹਿਰਦੇ ਨੂੰ, ਸਾਡੇ ਪੰਜਾਬ ਦੇ ਦਿਲ ਨੂੰ ਬਿਲਕੁਲ ਵਲੂੰਧਰ ਕੇ ਰੱਖ ਦਿੱਤਾ। ਸੋ, ਸਪੀਕਰ ਸਾਹਿਬ, ਯਾਨੀ ਕਿ ਅਸੀਂ ਉਸ ਪੰਜਾਬ ਦੇ ਜਾਏ ਹਾਂ ਕਿ ਸਾਡੇ ਸੱਭਿਆਚਾਰ ਵਿੱਚ ਵੀ ਸਾਡੇ ਗੁਰੂ ਸਾਹਿਬਾਨਾਂ ਦੇ ਨਾਮ ਨਾਲ, ਗੁਰੂ ਸਾਹਿਬਾਨ ਦੇ ਨਾਮ ਦਾ ਜ਼ਿਕਰ ਕੀਤਾ ਜਾਂਦਾ ਹੈ ਜਿਵੇਂ ਕਿ ਆਪਾਂ ਸਾਰੇ ਜਣੇ ਸੁਣਦੇ ਹੁੰਦੇ ਸੀ, ਜਦੋਂ ਕਿਸੇ ਪੰਜਾਬ ਦੇ ਜਾਏ ਨੇ ਆਪਣੇ ਕਿਸੇ ਮੁੰਡੇ ਜਾਂ ਕੁੜੀ ਦਾ ਵਿਆਹ ਵੀ ਕਰਨਾ ਹੁੰਦਾ ਸੀ ਤਾਂ ਉਸ ਵੇਲੇ ਵੀ ਘਰਾਂ ਦੀਆਂ ਛੱਤਾਂ ਤੇ ਸਪੀਕਰ ਲਗਾ ਕੇ ਉਨ੍ਹਾਂ ਸਪੀਕਰਾਂ ਵਿੱਚੋਂ ਜਿਹੜੇ ਲੋਕ ਗੀਤ ਗਾਏ ਜਾਂਦੇ ਸੀ ਜਿਵੇਂ ਕਿ ਲਾਲ ਚੰਦ ਯਮਲਾ ਜੱਟ ਜੀ ਦਾ, ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ, ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਏ ਤਾਂ ਸਾਡੇ ਲੋਕ ਗੀਤਾਂ ਵਿੱਚ ਵੀ ਸਾਡੇ ਗੁਰੂ ਸਾਹਿਬਾਨਾਂ ਦਾ ਜ਼ਿਕਰ ਹੋਇਆ ਹੈ। ਮੈਂ ਕਹਿ ਰਹੀ ਸੀ ਕਿ ਜਿਸ ਤਰੀਕੇ ਨਾਲ ਘਟਨਾਵਾਂ ਵਾਪਰੀਆਂ ਅਤੇ ਇਹੋ ਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਨੇ ਸਾਡੇ ਪੰਜਾਬ ਦੇ ਦਿਲ ਤੇ, ਸਾਡੇ ਪੰਜਾਬ ਦੇ ਹਿਰਦੇ ਤੇ ਬਹੁਤ ਡੂੰਘੀ ਸੱਟ ਮਾਰੀ ਹੈ। ਆਪਾਂ ਸਾਰੇ 1984 ਦੇ ਵੇਲੇ ਹੋਏ

**1150/Sukhpiar Singh/Shubham jain**

**1155/Manika Rani**

ਸਿੱਖ ਕਤਲੇਆਮ ਬਾਰੇ ਜਾਣਦੇ ਹੀ ਹਾਂ, ਜਿਵੇਂ ਸਾਡੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦਾ ਜਿਸ ਤਰੀਕੇ ਨਾਲ ਨਿਰਾਦਰ ਕੀਤਾ ਗਿਆ ਅਤੇ ਜਿਸ ਤਰੀਕੇ ਨਾਲ ਗੋਲੀਆਂ ਚਲਾਈਆਂ ਗਈਆਂ, ਉਸ ਨੂੰ ਕਦੇ ਵੀ ਭੁੱਲਿਆ ਨਹੀਂ ਜਾ ਸਕਦਾ ਹੈ। ਸੋ, ਇਸ ਕਤਲੇਆਮ ਨੇ ਸਾਡੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਸੀ ਅਤੇ ਪੰਜਾਬ ਦੇ ਹਰਦਿਆਂ ਉੱਤੇ ਡੂੰਘੀ ਸੱਟ ਵੀ ਮਾਰੀ ਸੀ। ਇਸੇ ਤਰ੍ਹਾਂ ਸਾਲ 2015 ਵਿੱਚ ਬਹਿਬਲ ਕਲਾਂ ਵਿਖੇ ਨਿਹੱਥੇ ਲੋਕਾਂ ਉੱਤੇ ਗੋਲੀਆਂ ਚਲਾਈਆਂ ਗਈਆਂ, ਉਥੇ ਫਿਰ ਗੁਰੂ ਸਾਹਿਬ ਦੀ ਬੇਅਦਬੀ ਅਤੇ ਨਿਰਾਦਰ ਕੀਤਾ ਗਿਆ। ਸੋ, ਮੈਂ ਅੱਜ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦ ਕਰਦੀ ਹਾਂ ਕਿਉਂਕਿ ਵੱਖਰੇ-ਵੱਖਰੇ ਸਮੇਂ ਤੇ ਜਿਵੇਂ-ਜਿਵੇਂ ਇਹ ਘਟਨਾਵਾਂ ਵਾਪਰੀਆਂ ਤਾਂ ਪੰਜਾਬ ਦੇ ਲੋਕਾਂ ਨੇ ਵੱਖਰੀਆਂ-ਵੱਖਰੀਆਂ ਸਰਕਾਰਾਂ ਤੋਂ ਨਿਆਂ ਦੀ ਮੰਗ ਕੀਤੀ ਗਈ ਪਰ ਕਦੇ ਵੀ ਕਿਸੇ ਸਰਕਾਰ ਨੇ, ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਕਦੇ ਵੀ ਨਿਆਂ ਦੇਣ ਦੀ ਗੱਲ ਨਹੀਂ ਕੀਤੀ। ਸੋ, ਅੱਜ ਇਹ ਜਿਹੜਾ ਬਿਲ ਹਾਊਸ ਵਿੱਚ ਲਿਆਂਦਾ ਗਿਆ ਹੈ, ਮੈਂ ਇਸ ਲਈ ਸੀ.ਐਮ. ਸਾਹਿਬ ਅਤੇ ਸਮੁੱਚੀ ਸਰਕਾਰ ਦਾ ਧੰਨਵਾਦ ਕਰਦੀ ਹਾਂ ਅਤੇ ਮੈਂ ਇਸ ਬਿਲ ਦੀ ਪ੍ਰੋੜ੍ਹਤਾ ਵੀ ਕਰਦੀ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਬਾਜਵਾ ਜੀ, ਤੁਸੀਂ ਸ਼ੁਰੂਆਤ ਕਰੋਗੇ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਇਹ ਬਹੁਤ ਹੀ ਅਹਿਮ ਬਿਲ ਹੈ। ਅਸੀਂ ਆਪਣੇ ਵੱਲੋਂ ਸਪੋਰਟ ਕਰਦੇ ਹਾਂ। ਸਮੁੱਚਾ ਪੰਜਾਬ ਸਪੋਰਟ ਕਰਦਾ ਹੈ ਅਤੇ ਦੁਨੀਆਂ ਭਰ ਵਿੱਚ ਬੈਠੇ ਹੋਏ ਪੰਜਾਬੀ ਇਸ ਬਿਲ ਦੀ ਸਪੋਰਟ ਕਰਦੇ ਹਨ। ਜੇਕਰ ਗੌਰਮਿੰਟ ਦਾ intent ਚੰਗਾ ਹੋਵੇ, ਜੇਕਰ ਗੌਰਮਿੰਟ ਦੀ ਨੀਅਤ ਚੰਗੀ ਹੋਵੇ ਤਾਂ ਸਾਰੇ ਲੋਕ ਸਪੋਰਟ ਕਰਦੇ ਹਨ ਅਤੇ ਇਸ ਦੀ ਸਪੋਰਟ ਵੀ ਕਰਨਗੇ ਪਰ ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਗੁਜ਼ਾਰਿਸ਼ ਕੀਤੀ ਸੀ ਅਤੇ ਹੁਣ ਵੀ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਜਿਹੜੀ ਪਹਿਲੀ ਕਮੇਟੀ ਬਣੀ ਹੋਈ ਹੈ ਅਤੇ ਜਿਸ ਨੇ ਨੌਂ ਮਹੀਨੇ ਲਗਾ ਦਿੱਤੇ ਹਨ ਕਿਉਂਕਿ ਇਸ ਸਬੰਧੀ ਸਾਰੇ ਸਿੱਖ intellectuals ਨਾਲ ਵੀ ਗੱਲਬਾਤ ਕੀਤੀ ਗਈ ਸੀ। ਤੁਹਾਡੇ ਜਿੰਨੇ ਵੀ

ਐਸ.ਜੀ.ਪੀ.ਸੀ. ਜਾਂ ਤਖਤਾਂ ਦੇ ਜਿੰਨੇ ਸਾਡੇ ਮੁੱਖੀ ਹਨ ਜਾਂ ਸਾਡਾ ਸਮਾਜ ਹੈ ਜਾਂ ਸਾਡੇ ਐਮ.ਐਲ.ਏਜ਼ ਹਨ, ਇਨ੍ਹਾਂ ਸਾਰਿਆਂ ਵੱਲੋਂ ਜਿਹੜੇ ਵੀ ਵਿਊਜ਼ ਰੱਖੇ ਗਏ ਹਨ, ਉਹ ਨਿੱਜਰ ਸਾਹਿਬ ਨੂੰ ਇੱਥੇ ਪਲੇਸ ਕਰਨੇ ਚਾਹੀਦੇ ਸੀ। ਹਾਊਸ ਵਿੱਚ ਪਹਿਲਾਂ ਉਸ ਉੱਤੇ ਡਿਸਕਸ਼ਨ ਹੋਣੀ ਚਾਹੀਦੀ ਸੀ।

**ਮਾਣਯੋਗ ਸਪੀਕਰ:** ਇੱਕ ਮਿੰਟ ਬਾਜਵਾ ਜੀ। ਮੈਂ ਪਹਿਲਾਂ ਇੱਕ ਕਲੈਰੀਫਿਕੇਸ਼ਨ ਦੇ ਦੇਵਾਂ। ਉਹ ਜਿਹੜੀ ਕਮੇਟੀ ਹੈ, ਉਹ ਆਪਣਾ ਕੰਮ ਕਰ ਰਹੀ ਹੈ। ਉਹ ਕਲੈਰੀਫਿਕੇਸ਼ਨ ਦੇ ਦੇਣਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕਦੋਂ ਦੇਣਗੇ?

**ਮਾਣਯੋਗ ਸਪੀਕਰ:** ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਹੋਇਆਂ ਬੇਅਦਬੀਆਂ ਦੇ ਖਿਲਾਫ ਸਖਤ ਕਾਨੂੰਨ ਬਣਾਉਣ ਦੀ ਮੰਗ ਸਾਰੀ ਸਿੱਖ ਸੰਗਤ ਦੀ ਹੈ, ਸਾਰੀ ਦੁਨੀਆਂ ਦੀ ਹੈ। ਇਹ ਇਕੱਲੀ ਸਿੱਖ ਸੰਗਤ ਨਹੀਂ, ਇਹ ਸਾਰੀ ਦੁਨੀਆਂ ਦੀ ਮੰਗ ਹੈ। ਇਸ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਇਹ ਦਿਨ ਅੱਜ ਰੱਖਿਆ ਗਿਆ ਹੈ। ਤੁਹਾਡੀ ਇਹ ਗੱਲ ਪਹਿਲਾਂ ਆ ਗਈ ਸੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਸਪੋਰਟ ਕਰ ਰਹੇ ਹਾਂ ਪਰ ਜਿਹੜੇ ਐਕਸਪਰਟਸ ਓਪੀਨੀਅਨ ਹਨ, ਇਨ੍ਹਾਂ ਨੂੰ ਹੁਣ ਤੱਕ ਆ ਜਾਣਾ ਚਾਹੀਦਾ ਸੀ।

**ਮਾਣਯੋਗ ਸਪੀਕਰ:** ਅੱਛਾ, ਇੱਕ ਡਿਊਟੀ ਉਸ ਕਮੇਟੀ ਦੀ ਹੋਰ ਲਗਾਈ ਗਈ ਹੈ। ਜਿਹੜਾ ਨਕੋਦਰ ਕਾਂਡ ਹੋਇਆ ਸੀ, ਉਸ ਸਬੰਧੀ ਵੀ ਕਮੇਟੀ ਦੀ ਡਿਊਟੀ ਲਗਾਈ ਗਈ ਹੈ। ਉਹ ਤੁਹਾਨੂੰ ਸਾਰਾ ਕੁਝ ਬਰੀਫ ਕਰਨਗੇ। ਸਾਰਾ ਕੁਝ ਦੱਸਣਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜੀ। ਮੈਂ ਇਹੀ ਗੱਲ ਕਰ ਰਿਹਾ ਸੀ। ਜਿਸ ਤਰ੍ਹਾਂ ਹੁਣੇ ਜ਼ਿਕਰ ਹੋਇਆ ਹੈ ਕਿ ਇਹ ਗੱਲ ਸਾਡੇ ਸਾਰੇ ਪੰਜਾਬ ਦੇ ਧਿਆਨ ਵਿੱਚ ਲਿਆਉਣ ਦੀ ਬੜੀ ਲੋੜ ਹੈ। ਮਾਨ ਸਾਹਿਬ ਅਤੇ ਇਨ੍ਹਾਂ ਦੇ ਲੀਡਰ ਕੇਜਰੀਵਾਲ ਸਾਹਿਬ ਨੇ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ, ਜਿਹੜਾ ਬਹਿਬਲ ਕਲਾਂ, ਬਰਗਾੜੀ ਅਤੇ ਕੋਟਕਪੂਰੇ ਦੇ ਕੇਸਿਜ਼ ਹਨ, ਉਨ੍ਹਾਂ ਦੀ SIT ਦੀ ਰਿਪੋਰਟ 48 ਘੰਟਿਆਂ ਵਿੱਚ ਪੰਜਾਬ ਦੇ ਸਾਹਮਣੇ ਪੇਸ਼ ਕਰਨਗੇ ਅਤੇ ਜਿਹੜੇ ਗੁਨਾਹਗਾਰ ਹੋਣਗੇ, ਉਨ੍ਹਾਂ ਨੂੰ ਕਚਹਿਰੀਆਂ ਵਿੱਚ ਲੈ ਕੇ ਆਉਣਗੇ ਪਰੰਤੂ ਹੁਣ 48 ਮਹੀਨੇ ਦਾ ਸਮਾਂ ਗੁਜ਼ਰ ਗਿਆ ਹੈ ਪਰ ਹਾਲੇ ਤੱਕ ਕੁਝ ਨਹੀਂ ਹੋਇਆ ਹੈ। ਮੇਰੀ ਇੱਕ ਗੱਲ ਸੁਣ ਲਓ ਕਿਉਂਕਿ ਤੁਸੀਂ ਵੀ ਖੁਦ ਕੋਟਕਪੂਰੇ ਤੋਂ ਹੋ। ਉਥੇ ਇਹ ਸਾਰਾ ਕੰਮ ਹੋਇਆ ਸੀ। ਪਾਵਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਤੁਸੀਂ ਖੁਦ ਅਰਦਾਸ ਕੀਤੀ ਸੀ ਅਤੇ ਵਚਨ ਵੀ ਦਿੱਤਾ ਸੀ ਪਰੰਤੂ ਹਾਲੇ ਤੱਕ ਕੁਝ ਨਹੀਂ ਹੋ ਸਕਿਆ ਹੈ।

**ਮਾਣਯੋਗ ਸਪੀਕਰ:** ਬਿਲਕੁਲ। ਮੇਰਾ ਖਿਆਲ ਹੈ ਕਿ ਜਾਂ ਤਾਂ ਤੁਹਾਡੀ ਜਾਣਕਾਰੀ ਵਿੱਚ ਕਮੀ ਰਹਿ ਗਈ ਹੈ ਜਾਂ ਤੁਸੀਂ ਪੜ੍ਹਿਆ ਨਹੀਂ। ਮੇਰੇ ਉਥੇ ਜਾਣ ਤੋਂ ਬਾਅਦ ਗੁਰੂ ਸਾਹਿਬ ਨੇ ਕ੍ਰਿਪਾ ਕੀਤੀ, ਗੁਰੂ ਸਾਹਿਬ ਨੇ ਮਾਨ ਸਾਹਿਬ ਤੇ ਕ੍ਰਿਪਾ ਕੀਤੀ ਔਰ ਸਮੁੱਚੀ ਸਰਕਾਰ ਤੇ ਕ੍ਰਿਪਾ ਕੀਤੀ। ਜਿਹੜੀ ਕਾਨੂੰਨ ਦੀ ਗੱਲ ਹੈ, ਕਾਨੂੰਨ ਮੁਤਾਬਿਕ ਇਨਸਾਫ ਮੌਕੇ ਤੇ ਸਬੂਤਾਂ ਦੇ

ਆਧਾਰ ਤੇ ਦਿੱਤਾ ਜਾਂਦਾ ਹੈ। ਪੁਲਿਸ ਦੀ ਕਾਗਜ਼ੀ ਕਾਰਵਾਈ ਦੇ ਆਧਾਰ ਤੇ ਦਿੱਤਾ ਜਾਂਦਾ ਹੈ। ਇਸ ਗੱਲ ਤੇ ਸਾਰੇ ਸਹਿਮਤ ਹਨ। ਇੱਕ ਮਿੰਟ ਬਾਜਵਾ ਜੀ, ਮੈਨੂੰ ਆਪਣੀ ਗੱਲ ਕੰਪਲੀਟ ਕਰ ਲੈਣ ਦਿਓ। ਤੁਸੀਂ ਮੇਰੇ ਬਾਰੇ ਇੱਥੇ ਕੁਐਸਚਨ ਲਗਾਇਆ ਹੈ, ਤੁਹਾਡਾ ਵੈਲਕਮ ਤੁਸੀਂ ਇੱਥੇ ਇਹ ਗੱਲ ਕੀਤੀ ਹੈ। ਸਮੇਂ ਦੀ ਸਰਕਾਰ ਨੇ ਸਬੂਤਾਂ ਅਤੇ ਪੁਲਿਸ ਕਾਰਵਾਈ ਨਾਲ ਛੇੜਛਾੜ ਕੀਤੀ, ਜੋ ਕਿ ਉਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ, ਜਿਸ ਨਾਲ ਕੇਸ ਕਮਜ਼ੋਰ ਹੋਏ ਅਤੇ ਮੁਲਜ਼ਮ ਜਲਦੀ ਜ਼ਮਾਨਤਾਂ ਲੈਣ ਵਿੱਚ ਕਾਮਯਾਬ ਹੋਏ ਔਰ ਚਲਾਨ ਤੱਕ ਪੇਸ਼ ਨਹੀਂ ਕੀਤੇ ਗਏ ਸਨ।

**1155/Manika Rani/Shubham jain**

**1200/Gurpreet kaur**

ਸੋ, ਪੰਜਾਬ ਦੀ ਮਾਨ ਸਰਕਾਰ ਨੇ ਜਾਂਚ ਮੁਕੰਮਲ ਕਰਵਾਈ ਅਤੇ ਚਲਾਨ ਪੇਸ਼ ਕੀਤੇ। ਅੱਗੇ ਸਾਰਾ ਮਸਲਾ ਕਾਨੂੰਨ ਦੇ ਅਧੀਨ ਹੈ। ਮਾਨ ਸਰਕਾਰ ਵੱਲੋਂ ਬੇਅਦਬੀਆਂ ਦੇ ਮਾਮਲੇ ਵਿੱਚ ਇਨਸਾਫ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਾਸਤੇ ਅਤੇ ਸਖਤ ਸਜ਼ਾ ਦਾ ਅਨੁਬੰਧ ਕਰਨ ਵਾਸਤੇ ਅੱਜ ਵਿਸ਼ੇਸ਼ ਸੈਸ਼ਨ ਬੁਲਾਇਆ ਅਤੇ ਜਿਹੜੀ ਤੁਸੀਂ ਮੇਰੀ ਗੱਲ ਕਰ ਰਹੇ ਹੋ, ਉੱਥੇ ਜੋ ਸੱਜਣ ਬੈਠੇ ਸਨ, ਉਨ੍ਹਾਂ ਨਾਲ ਜੋ ਕੁਮਿਟਮੈਂਟ ਸੀ, ਠੀਕ ਹੈ ਕਿ ਉਹ ਡੇਢ ਮਹੀਨਿਆਂ ਵਿੱਚ ਨਹੀਂ ਪੂਰੀ ਹੋਈ, ਪਰ ਉਹ ਪੂਰੀ ਹੋ ਗਈ ਸੀ। ਹੁਣ ਪਰਾਪਰ ਚਲਾਨ ਪੇਸ਼ ਕਰ ਦਿੱਤਾ ਗਿਆ ਹੈ। ਇਨਸਾਫ ਤਾਂ ਅਦਾਲਤ ਨੇ ਦੇਣਾ ਹੈ। ਪਲੀਜ਼ ਕੰਟੀਨਿਊ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਗਲੀ ਗੱਲ, ਸਰ, ਪੰਜ ਕੇਸਿਜ਼ ਸੀ। ਪੰਜ ਦੇ ਪੰਜ ਕੇਸ ਪੰਜਾਬ ਤੋਂ ਬਾਹਰ ਭਾਵ ਕਿ ਬਾਹਰਲੇ ਸੂਬਿਆਂ ਵਿੱਚ ਚਲੇ ਗਏ। ਆਪਾਂ ਜਸਟਿਸ ਕੀ ਦਿਵਾਉਣੀ ਸੀ। ਮੇਰਾ ਸਿੱਧਾ ਇਤਰਾਜ਼ ਹੈ ਕਿ ਤੁਹਾਡੀ ਸਰਕਾਰ ਨੇ ਅਪੋਜ਼ ਨਹੀਂ ਕੀਤਾ। ਇਹ ਕੇਸ ਜਾਣ ਬੁੱਝ ਕੇ ਬਾਹਰ ਜਾਣ ਦਿੱਤੇ ਗਏ। ਇਸ ਦੇ ਨਾਲ ਨਾਲ ਤ੍ਰਾਸਦੀ ਇਹ ਹੈ ਕਿ ਜਿਹੜਾ ਕੁੰਵਰ ਵਿਜੈ ਪ੍ਰਤਾਪ ਸਿੰਘ, ਜੋ ਕਿ ਇਨ੍ਹਾਂ ਦਾ ਪੋਸਟਰ ਬੁਆਇ ਸੀ, ਉਨ੍ਹਾਂ ਦੇ ਕਹਿਣ ਮੁਤਾਬਿਕ ਇਸ ਨੂੰ ਹੋਮ ਮਨਿਸਟਰ ਬਣਾਉਣਾ ਸੀ, ਇਸ ਨੂੰ ਡਿਪਟੀ ਸੀ.ਐਮ. ਬਣਾਉਣਾ ਸੀ, ਉਹ ਅੱਜ ਪਾਰਟੀ ਵਿੱਚੋਂ ਬਾਹਰ ਹੈ ਤੇ ਕੇਸਿਜ਼ ਵੀ ਸਾਰੇ ਪੰਜਾਬ ਤੋਂ ਬਾਹਰ ਹਨ। ਅਸੀਂ ਤੁਹਾਡੀ ਗੌਰਮਿੰਟ ਦੀ ਇੰਟੈਂਟ ਤੇ ਜਾਣਾ ਚਾਹੁੰਦੇ ਹਾਂ।

**ਮੁੱਖ ਮੰਤਰੀ (ਬੈਠੇ ਬੈਠੇ):** ਤੁਹਾਡਾ ਵੀ ਮੁੱਖ ਮੰਤਰੀ ਪਾਰਟੀ ਵਿੱਚੋਂ ਬਾਹਰ ਹੈ। ਉਹ ਅੱਜ ਕੱਲ੍ਹ ਭਾਜਪਾ ਵਿੱਚ ਹੈ। ਤੁਹਾਡਾ ਪ੍ਰਧਾਨ ਸੁਨੀਲ ਜਾਖੜ ਵੀ ਬਾਹਰ ਹੈ। ਤੁਹਾਡਾ ਖਜ਼ਾਨਾ ਮੰਤਰੀ ਵੀ ਬਾਹਰ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਇੱਥੇ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੁਲਿਸ ਅਫਸਰਾਂ ਦੇ ਖਿਲਾਫ ਕਾਰਵਾਈ ਕਰੋ। ਮਾਨ ਸਾਹਿਬ, ਥੋੜ੍ਹਾ ਜਿਹਾ ਦਿਲ ਵੱਡਾ ਰੱਖੋ। ਪੰਜਾਬ ਦੇ ਲੋਕ ਤੁਹਾਡੇ ਤੋਂ ਇਨ੍ਹਾਂ ਗੱਲਾਂ ਦਾ ਜਵਾਬ ਮੰਗ ਰਹੇ ਹਨ।

**ਮੁੱਖ ਮੰਤਰੀ:** ਤੁਹਾਡਾ ਖਜ਼ਾਨਾ ਮੰਤਰੀ ਬਾਹਰ ਹੈ। ਤੁਹਾਡਾ ਮੁੱਖ ਮੰਤਰੀ ਬਾਹਰ ਹੈ। ਉਹ ਸਾਰੇ ਪਾਰਟੀ ਵਿੱਚੋਂ ਬਾਹਰ ਹਨ। ਇਹ ਤਾਂ ਸਾਡੀ ਪਾਰਟੀ ਦਾ ਇੰਟਰਨਲ ਫੈਸਲਾ ਹੈ ਕਿ ਕਿਸ ਨੂੰ ਮੰਤਰੀ ਬਣਾਉਣਾ ਹੈ ਜਾਂ ਕਿਸ ਨੂੰ ਮੰਤਰੀ ਨਹੀਂ ਬਣਾਉਣਾ। ਫਲਾਣੇ ਨੂੰ ਮੰਤਰੀ ਬਣਾਉਣਾ ਸੀ, ਇਸ ਤਰ੍ਹਾਂ ਤਾਂ ਉਨ੍ਹਾਂ ਨੇ ਤੁਹਾਨੂੰ ਵੀ ਬਣਾਉਣਾ ਸੀ। ਚਾਰ ਸਾਲਾਂ ਬਾਅਦ

ਤੁਹਾਡੇ ਤੋਂ ਪ੍ਰਧਾਨਗੀ ਖੋਹ ਲਈ ਗਈ। ਤੁਹਾਨੂੰ ਵੀ ਬਣਾਉਣਾ ਸੀ। ਤੁਸੀਂ ਇਹ ਗੱਲ ਕਹਿ ਸਕਦੇ ਹੋ ਕਿ ਖਾਦ ਮੈਂ ਪਾਈ, ਸਪਰੇਅ ਮੈਂ ਕੀਤੀ ਅਤੇ ਵੱਢ ਕੋਈ ਹੋਰ ਲੈ ਗਿਆ। ਇਹ ਇੰਟਰਵਿਊ ਵਿੱਚ ਤੁਸੀਂ ਵੀ ਕਹਿ ਚੁੱਕੇ ਹੋ। ਤੁਹਾਨੂੰ ਵੀ ਤਾਂ ਫਿਰ ਬਣਾਉਣਾ ਹੀ ਸੀ। ਕੀ ਇਹ ਅੱਜ ਬੋਲਣ ਵਾਲਾ ਮਸਲਾ ਹੈ। ਥੋੜ੍ਹੀ ਬਹੁਤ ਤਾਂ ਅੱਖ ਦੀ ਸ਼ਰਮ ਰੱਖ ਲਿਆ ਕਰੋ।

**ਮਾਣਯੋਗ ਸਪੀਕਰ:** ਬਾਜਵਾ ਜੀ, ਆਪਾਂ ਅੱਜ ਦੇ ਮੁੱਦੇ ਤੇ ਆਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਤੁਹਾਨੂੰ ਪਹਿਲਾਂ ਵੀ ਕਿਹਾ ਕਿ ਅਸੀਂ support ਕਰਾਂਗੇ ਅਤੇ ਅਸੀਂ ਕਰ ਵੀ ਰਹੇ ਹਾਂ ਪਰ ਪੰਜਾਬ ਦੇ ਲੋਕ ਤੁਹਾਡੇ ਕੋਲੋਂ ਜਵਾਬ ਵੀ ਮੰਗਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਮੰਗਦੇ ਹਨ। ਇਹ ਨਹੀਂ ਕਿ ਤੁਸੀਂ ਬਚ ਕੇ ਨਿਕਲ ਜਾਓਗੇ। ਤੁਸੀਂ ਚਾਰਾਂ ਸਾਲਾਂ ਵਿੱਚ ਕੁਝ ਨਹੀਂ ਕੀਤਾ। ਤੁਹਾਡੀ ਇੰਟੈਂਟ ਵੀ ਨਹੀਂ ਹੈ। ਤੁਹਾਡੀ ਸਾਰੀ ਕੋਸ਼ਿਸ਼ ਪੁਲੀਟੀਕਲ ਐਡਵਾਂਟੇਜ ਲੈਣ ਦੀ ਹੈ। ਮੈਂ ਤੁਹਾਡੇ ਜ਼ਰੀਏ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੰਜਾਬ ਪੁਲਿਸ ਦੇ ਕਿੰਨੇ ਅਫਸਰ ਹਨ, ਜਿਨ੍ਹਾਂ ਤੇ ਕੇਸ ਰਜਿਸਟਰ ਹੋਏ ਹਨ। ਉਨ੍ਹਾਂ ਦੇ ਕੇਸਿਜ਼ ਦਾ ਅੱਜ ਸਟੇਟਸ ਕੀ ਹੈ। ਸਾਨੂੰ ਦੱਸਿਆ ਜਾਵੇ ਕਿ ਉਨ੍ਹਾਂ ਅਫਸਰਾਂ ਦੇ ਖਿਲਾਫ ਡਿਪਾਰਟਮੈਂਟਲ ਪ੍ਰੋਸੀਡਿੰਗਜ਼ ਕੀ ਹਨ। ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੇ ਕਿੰਨੇ ਅਫਸਰ ਹਨ ਜਿਨ੍ਹਾਂ ਨੂੰ ਤੁਸੀਂ ਕੇਸਿਜ਼ ਵਿੱਚੋਂ exonerate ਕੀਤਾ ਹੈ, ਜਿਹੜੇ ਗੋਲੀ ਕਾਂਡ ਵਿੱਚ ਸਨ, ਬਰਗਾੜੀ ਬਹਿਬਲ ਕਲਾਂ ਵਿੱਚ ਹਨ ਅਤੇ ਜਿਹੜੇ ਕੋਟਕਪੂਰਾ ਦੀ ਫਾਇਰਿੰਗ ਵਿੱਚ ਹਨ। ਕੀ ਉਹ ਸਾਰੇ exonerate ਕਰ ਦਿੱਤੇ ਹਨ। ਮੈਂ ਅਗਲੀ ਗੱਲ ਵੀ ਪੁੱਛਣੀ ਚਾਹੁੰਦਾ ਹਾਂ ਕਿ ਇਹ ਸਾਡਾ ਪੰਜਵਾਂ ਅਟੈਂਪਟ ਹੈ ਕਿ ਅਸੀਂ ਇਸ ਬਿਲ ਨੂੰ ਪਾਸ ਕਰੀਏ ਅਤੇ ਕਾਨੂੰਨ ਬਣੇ। ਅਸੀਂ ਤੁਹਾਡੇ ਨਾਲ ਹਾਂ ਪਰ ਮੈਂ ਬੇਨਤੀ ਕਰਦਾ ਹਾਂ ਕਿ ਕੀ constitutional experts ਨਾਲ ਗੱਲ ਕੀਤੀ ਹੈ। ਜਿਹੜੇ ਗੌਰਮਿੰਟ ਆਫ ਇੰਡੀਆ ਦੇ Constitutional Experts ਹਨ, ਕੀ ਇਸ ਵਿੱਚ ਸਾਡਾ ਅਤੇ ਜਿਹੜੇ ਸੈਂਟਰਲ ਕਾਨੂੰਨ ਹਨ ਅਤੇ ਜਿਹੜੀ ਸਾਡੀ ਕੰਸਟੀਚਿਊਸ਼ਨ ਹੈ, ਇਹ ਨਾ ਹੋਵੇ ਕਿ ਜਿਵੇਂ ਪਹਿਲਾਂ ਗਵਰਨਰ ਸਾਹਿਬ ਕੋਲ ਪਏ ਰਹੇ, ਰਾਸ਼ਟਰਪਤੀ ਨੇ ਅਸੈਂਟ ਨਹੀਂ ਦਿੱਤਾ। ਦੁਬਾਰਾ ਫਿਰ ਇਸ ਕਿਸਮ ਦੀ exercise ਨਾ ਹੋ ਜਾਵੇ। ਸਾਡਾ ਕਹਿਣ ਦਾ ਮਕਸਦ ਹੈ ਕਿ ਇਮਾਨਦਾਰੀ ਨਾਲ ਕੰਮ ਕਰੀਏ। ਕੀ ਤੁਸੀਂ Constitutional Experts ਦੀ ਰਾਏ ਲਈ ਹੈ। ਉਨ੍ਹਾਂ ਦੇ ਨਾਮ ਦੱਸੇ ਜਾਣ। ਉਨ੍ਹਾਂ ਨੇ ਤੁਹਾਨੂੰ ਕੀ ਰਾਏ ਦਿੱਤੀ ਹੈ। ਕਿਰਪਾ ਕਰਕੇ ਇਸ ਸਬੰਧੀ ਸਭ ਕੁਝ ਦੱਸਿਆ ਜਾਵੇ। ਇਸ ਦੇ ਨਾਲ ਹੀ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਇਹ retrospective ਹਨ। ਇਹ ਜਿੰਨੇ ਵੀ ਕੇਸ ਹਨ, ਜਿੰਨੇ ਵੀ ਪੁਰਾਣੇ ਕੇਸਿਜ਼ ਹਨ, ਇਨ੍ਹਾਂ ਤੇ ਤਾਂ ਨਵੇਂ ਕਾਨੂੰਨ ਬਣਨੇ ਹਨ। 550 ਪੁਰਾਣੇ ਕੇਸਿਜ਼ ਹਨ। ਉਨ੍ਹਾਂ ਕੇਸਿਜ਼ ਵਿੱਚ ਕੀ ਬਣੇਗਾ? ਕੀ ਉਨ੍ਹਾਂ ਦੀ exoneration ਹੋ ਚੁੱਕੀ ਹੈ। ਕੀ ਅਸੀਂ ਸਾਰੇ ਉਹ ਬੰਦੇ ਮਾਫ ਕਰ ਦਿੱਤੇ ਹਨ। ਉਨ੍ਹਾਂ ਕੇਸਿਜ਼ ਸਬੰਧੀ ਵੀ ਦੱਸਿਆ ਜਾਵੇ। ਇਹ ਜਿਹੜਾ ਕਾਨੂੰਨ ਬਣਿਆ ਹੈ ਜਦੋਂ ਇਸ ਤੇ ਰਾਸ਼ਟਰਪਤੀ ਦੇ ਸਿਗਨੇਚਰ ਹੋਣਗੇ ਤਾਂ ਉਸ ਤੋਂ ਬਾਅਦ ਇਹ ਕਾਨੂੰਨ ਲਾਗੂ ਹੋਣਾ ਹੈ। ਇਸ ਤੋਂ ਇਲਾਵਾ ਪਿਛਲੇ ਕੇਸਿਜ਼ ਦਾ ਕੀ ਬਣਿਆ ਹੈ।

**1200/Gurpreet kaur/Abhishek gautam**

**1205/Kuldeep kaur**

kindly, ਗੌਰਮਿੰਟ ਉਸ ਦੇ ਬਾਰੇ ਵੀ ਸਾਨੂੰ ਇਹ ਸਾਰੀ ਗੱਲ ਸਮਝਾਵੇ ਜੀ। ਲੋਕ ਇਹ ਸਾਰੀਆਂ ਚੀਜ਼ਾਂ ਦਾ ਜਵਾਬ ਮੰਗਦੇ ਹਨ। ਅਸੀਂ ਬਕਾਇਦਾ ਤੌਰ ਤੇ ਬਾਕੀ ਗੱਲ ਦੇ ਨਾਲ ਹਾਂ, intent ਹੋਣੀ ਚਾਹੀਦੀ ਹੈ। ਸਾਨੂੰ intent missing ਨਜ਼ਰ ਆਉਂਦੀ ਹੈ। ਆਪਾਂ symbolically ਜ਼ਰੂਰ ਬਹੁਤ ਬਿਹਤਰੀ ਕਰੀਏ। ਅੱਜ ਸਾਡੇ ਲਈ ਵੱਡਾ ਦਿਨ ਹੈ। ਖਾਲਸਾ ਦਾ ਜਨਮ ਦਿਨ ਹੈ, ਸਾਰੀ ਦੁਨੀਆ ਵਿੱਚ ਮਨਾਇਆ ਜਾ ਰਿਹਾ ਹੈ but ਅਸੀਂ ਇਹ ਜ਼ਰੂਰ ਚਾਹੁੰਦੇ ਹਾਂ ਕਿ ਇਸ ਪਵਿੱਤਰ ਹਾਊਸ ਵਿੱਚ ਜਿਹੜਾ ਵੀ ਕਾਨੂੰਨ ਲੈ ਕੇ ਆਉਣਾ ਹੈ, ਜਿਸ ਤਰ੍ਹਾਂ ਪਹਿਲਾਂ 4 attempt ਹੋਏ ਹਨ, ਪੰਜਵਾਂ attempt ਕਾਮਯਾਬ ਹੋਵੇ। ਇਹ ਨਾ ਹੋਵੇ ਕਿ ਉਸ ਨੂੰ assent ਹੀ ਨਾ ਮਿਲ ਪਾਵੇ ਅਤੇ ਇਹ ਕੰਮ ਫਿਰ ਇੱਥੇ ਦਾ ਇੱਥੇ ਹੀ ਰਹਿ ਜਾਵੇ। ਕੋਈ constitutional experts ਦਾ ਸਾਨੂੰ ਦੱਸਿਆ ਜਾਵੇ ਕਿ ਤੁਹਾਡੀ ਕਿਸ ਐਕਸਪਰਟ ਨਾਲ ਗੱਲ ਹੋਈ ਹੈ। ਜਿਹੜੀ ਨਿੱਜਰ ਸਾਹਿਬ ਦੀ 9 ਮਹੀਨੇ ਦੀ ਐਕਸਰਸਾਈਜ਼ ਹੈ, ਉਹ ਕਿੱਥੇ ਗਈ ਹੈ?

**ਮੁੱਖ ਮੰਤਰੀ (ਬੈਠੇ ਬੈਠੇ):** ਫਿਰ ਉੱਥੇ ਹੀ ਆ ਗਏ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸੋ, ਇਹ ਚੰਦ ਚੀਜ਼ਾਂ ਬਾਰੇ ਦੱਸਿਆ ਜਾਵੇ।

**ਮਾਣਯੋਗ ਸਪੀਕਰ:** ਹੁਣ ਤਾਂ ਰਿਪੀਟ ਕਰ ਰਹੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਹ ਠੀਕ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਦੀ ਬਿਲ ਦੀ sanctity ਨੂੰ ਮੱਦੇਨਜ਼ਰ ਰੱਖਣ ਵਾਸਤੇ ਅਸੀਂ ਤੂੰ-ਤੂੰ, ਮੈਂ-ਮੈਂ ਵਿੱਚ ਨਹੀਂ ਪੈਣਾ ਚਾਹੁੰਦੇ। ਅਸੀਂ ਤੁਹਾਡੀ ਸਪੋਰਟ ਕਰਨਾ ਚਾਹੁੰਦੇ ਹਾਂ।

**ਮੁੱਖ ਮੰਤਰੀ (ਬੈਠੇ ਬੈਠੇ):** ਪੈ ਤਾਂ ਚੁੱਕੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਸ ਵਿੱਚ ਇਨ੍ਹਾਂ ਗੱਲਾਂ ਦਾ ਜਵਾਬ ਤੁਹਾਨੂੰ ਦੇਣਾ ਪਵੇਗਾ।

**ਮੁੱਖ ਮੰਤਰੀ (ਬੈਠੇ ਬੈਠੇ):** ਦੇ ਦੇਵਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਪੰਜਾਬ ਦੇ ਲੋਕ ਤੁਹਾਡੇ ਕੋਲੋਂ ਇਸ ਗੱਲ ਦਾ ਜਵਾਬ ਮੰਗਦੇ ਹਨ।

**ਮੁੱਖ ਮੰਤਰੀ (ਬੈਠੇ ਬੈਠੇ):** ਕੋਈ ਗੱਲ ਨਹੀਂ ਲੋਕਾਂ ਕੋਲ ਜਾ ਆਵਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਲੋਕ ਚੀਫ ਮਨਿਸਟਰ ਸਾਹਿਬ ਤੋਂ ਵੀ ਜਵਾਬ ਮੰਗਦੇ ਹਨ ਅਤੇ ਸਪੀਕਰ ਸਾਹਿਬ ਤੁਹਾਡੇ ਤੋਂ ਵੀ ਲੋਕ ਜਵਾਬ ਮੰਗਦੇ ਹਨ। ਮਾਨ ਸਾਹਿਬ, ਅਸੀਂ ਲੋਕਾਂ ਵਿੱਚ ਹੀ ਰਹੇ ਹਾਂ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਬੈਠੋ ਬਾਜਵਾ ਸਾਹਿਬ ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਲੋਕਾਂ ਦੇ ਵਿੱਚ ਹੀ ਰਹੇ ਹਾਂ। 50 ਸਾਲਾਂ ਦੇ ਰਹੇ ਹਾਂ ਅਤੇ ਕਿਸੇ ਗਲਤਫਹਿਮੀ ਦਾ ਸ਼ਿਕਾਰ ਨਾ ਰਹੋ। ਤੁਹਾਨੂੰ ਕੋਈ 25 ਸਾਲ ਰਾਜ ਨਹੀਂ ਮਿਲਣਾ, ਜਿਹੜਾ ਤੁਸੀਂ ਸਮਝਦੇ ਪਏ ਹੋ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਬਹੁਤ ਮਿਹਰਬਾਨੀ ਜੀ।

------------

## CLARIFICATION BY THE HON'BLE SPEAKER

**ਮਾਣਯੋਗ ਸਪੀਕਰ:** ਜਿੰਨਾ ਕੁ ਮੈਨੂੰ ਪਤਾ ਹੈ ਕਿਉਂਕਿ ਉੱਥੇ ਮੈਂ ਹੀ ਵਾਅਦਾ ਕਰਕੇ ਆਇਆ ਸੀ। ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਉਦੋਂ ਮੈਨੂੰ ਹੀ ਭੇਜਿਆ ਸੀ। ਮੈਂ ਉਸ ਬਾਰੇ ਕਲੈਰਿਟੀ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਕੀਤੇ ਹੋਏ ਕੰਮ ਕਰਕੇ ਜਿਹੜੀ ਮਿਤੀ 07.08.2018 ਦੀ ਐਫ.ਆਈ.ਆਰ. ਨੰਬਰ 129 ਸੀ, ਉਸ ਦਾ ਪਹਿਲਾ ਚਲਾਨ 24.02.2023 ਨੂੰ ਦਿੱਤਾ ਸੀ। ਫਿਰ ਉਸ ਤੋਂ ਬਾਅਦ 3 ਸਪਲੀਮੈਂਟਰੀ ਚਲਾਨ ਦਿੱਤੇ ਗਏ ਔਰ ਉਸੇ ਸਰਕਾਰ ਦੇ ਇਮਾਨਦਾਰੀ ਨਾਲ ਕੰਮ ਕੀਤੇ ਹੋਏ, ਗੁਰੂ ਸਾਹਿਬ ਨੇ ਸਰਕਾਰ ਤੇ ਕਿਰਪਾ ਕੀਤੀ ਕਿ ਪਹਿਲੀਆਂ ਸਰਕਾਰਾਂ ਬੇਈਮਾਨੀ ਨਾਲ ਇਨਵੈਸਟੀਗੇਸ਼ਨ ਨੂੰ ਕੁਰਾਹੇ ਪਾਉਂਦੀਆਂ ਸਨ, ਪਰਾਪਰ ਇਨਵੈਸਟੀਗੇਸ਼ਨ ਕਰਵਾ ਕੇ ਅੱਜ ਸੁਖਬੀਰ ਸਿੰਘ ਬਾਦਲ ਬੇਲ ਤੇ ਹੈ। ਉਸ ਦੇ ਖਿਲਾਫ ਚਲਾਨ ਪੇਸ਼ ਹੋਇਆ ਹੈ। ਸੁਮੇਧ ਸਿੰਘ ਸੈਣੀ ਬੇਲ ਤੇ ਹੈ, ਉਸ ਦੇ ਖਿਲਾਫ ਚਲਾਨ ਪੇਸ਼ ਹੋਇਆ ਹੈ। ਇਹ ਸਰਕਾਰ ਨੇ ਕੰਮ ਕਰਵਾਇਆ ਹੈ, ਮੁੱਖ ਮੰਤਰੀ ਸਾਹਿਬ ਨੇ ਕਰਵਾਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਪਰਮਰਾਜ ਸਿੰਘ ਉਮਰਾਨੰਗਲ ਬੇਲ ਤੇ ਹੈ। ਇਹ ਮੁੱਖ ਮੰਤਰੀ ਦੀ ਅਗਵਾਈ ਵਿੱਚ ਸਰਕਾਰ ਨੇ ਚਲਾਨ ਪੇਸ਼ ਕੀਤਾ ਹੈ, ਇਹ ਤਾਂ ਹੋਇਆ ਹੈ। ਅਮਰ ਸਿੰਘ ਚਾਹਲ, ਆਈ.ਪੀ.ਐਸ. (ਰਿਟਾ.) ਬੇਲ ਤੇ ਹੈ। ਇਹ ਮੁੱਖ ਮੰਤਰੀ ਤੇ ਅਤੇ ਪੰਜਾਬ ਸਰਕਾਰ ਤੇ ਕਿਰਪਾ ਹੋਈ ਔਰ ਦਾਸ ਜਿਹੜਾ ਵਾਅਦਾ ਕਰਕੇ ਆਇਆ ਸੀ, ਉਸ ਦੇ ਕਰਕੇ ਹੋਇਆ ਹੈ ਕਿ ਉਹ ਬੇਲ ਤੇ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਚਰਨਜੀਤ ਸਿੰਘ ਸ਼ਰਮਾ, ਐਸ.ਪੀ. (ਰਿਟਾ.) ਬੇਲ ਤੇ ਹੈ। ਸੁਖਵਿੰਦਰ ਸਿੰਘ ਮਾਨ, ਆਈ.ਪੀ.ਐਸ. ਬੇਲ ਤੇ ਹੈ। ਇਹ ਸਾਰੇ accused ਹਨ। ਪਹਿਲੀਆਂ ਸਰਕਾਰਾਂ ਨੇ ਚਲਾਨ ਵੀ ਪੇਸ਼ ਨਹੀਂ ਕੀਤਾ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆ ਆਵਾਜ਼ਾਂ) ਇਹ ਗੁਰੂ ਸਾਹਿਬ ਦੀ ਕਿਰਪਾ ਹੋਈ ਹੈ। ਪ੍ਰਕਾਸ਼ ਸਿੰਘ ਬਾਦਲ ਭਾਵੇਂ ਹੁਣ ਉਹ ਇਸ ਦੁਨੀਆ ਤੇ ਨਹੀਂ ਹੈ, ਉਹ ਵੀ ਬੇਲ ਤੇ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਜਿਹੜਾ ਮੈਂ ਉੱਥੇ ਵਾਅਦਾ ਕਰਕੇ ਆਇਆ ਸੀ, ਮੈਂ ਤੁਹਾਨੂੰ ਉਸ ਦੀ ਕਲੈਰਿਟੀ ਦੇ ਦਿੱਤੀ ਹੈ। ਇਹ ਮੁੱਖ ਮੰਤਰੀ ਸਾਹਿਬ ਨੇ ਕੰਮ ਕੀਤਾ ਹੈ ਤਾਂ ਕਰਕੇ ਉੱਥੋਂ ਗੁਰੂ ਸਾਹਿਬ ਨੇ ਸਾਨੂੰ ਸੁਰਖਰੂ ਕੀਤਾ ਹੈ। ਸੋ, ਮੈਂ ਹੁਣ ਬੇਨਤੀ ਕਰਦਾ ਹਾਂ, ਸਰਦਾਰ ਹਰਪਾਲ ਸਿੰਘ ਚੀਮਾ ਜੀ। ਇੱਕ ਮਿੰਟ ਚੀਮਾ ਸਾਹਿਬ।

--------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ:** ਅੱਜ ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ, ਸੰਦੌੜ ਦੇ ਵੀ ਵਿਦਿਆਰਥੀ, ਇਸ ਪਵਿੱਤਰ ਸਦਨ ਵਿੱਚ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

---------

## THE JAAGAT JOT SRI GURU GRANTH SAHIB SATKAR (AMENDMENT) BILL, 2026 (*Resumption*)

**ਮਾਣਯੋਗ ਸਪੀਕਰ:** ਹਾਂ ਜੀ, ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ ਸਭ ਤੋਂ ਪਹਿਲਾਂ ਤੁਹਾਡਾ ਬਹੁਤ ਬਹੁਤ ਸ਼ੁਕਰੀਆ, ਬਹੁਤ ਬਹੁਤ ਧੰਨਵਾਦ। ਅੱਜ ਇਹ ਜੋ ਪਵਿੱਤਰ ਬਿਲ ਪੰਜਾਬ ਦੀ ਸਦਨ ਦੇ ਅੰਦਰ ਮਾਣਯੋਗ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਰੱਖਿਆ ਹੈ, ਸਭ ਤੋਂ ਪਹਿਲਾਂ ਮੈਂ ਇਸ ਦੀ ਸਪੋਰਟ ਕਰਦਾ ਹਾਂ ਕਿਉਂਕਿ ਜਦੋਂ ਵੀ ਪੰਜਾਬ ਦੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ ਹੈ ਜਾਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ ਤਾਂ ਉਸੇ ਸਮੇਂ ਬੇਅਦਬੀਆਂ ਦਾ ਦੌਰ ਚਾਲੂ ਹੋਇਆ ਹੈ ਕਿਉਂਕਿ ਬਹੁਤ ਸਾਰੇ ਸਾਥੀਆਂ ਨੂੰ ਨਹੀਂ ਪਤਾ ਹੋਵੇਗਾ ਕਿ ਸਾਕਾ ਨਕੋਦਰ ਕੀ ਸੀ। ਸਾਕਾ ਨਕੋਦਰ 4 ਫਰਵਰੀ, 1986 ਨੂੰ ਜਲੰਧਰ ਜ਼ਿਲ੍ਹੇ ਦੇ ਨਕੋਦਰ ਵਿੱਚ ਇੱਕ ਬਹੁਤ ਹੀ ਦਰਦਨਾਕ ਘਟਨਾ ਵਾਪਰੀ ਸੀ। ਪੁਲਿਸ ਗੋਲੀਬਾਰੀ ਦੇ ਦੌਰਾਨ 4 ਸਿੱਖ ਨੌਜਵਾਨ ਸ਼ਹੀਦ ਕੀਤੇ ਗਏ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 5 ਪਾਵਨ ਸਰੂਪ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਸਾਹਿਬ ਵਿੱਚ ਅਗਨ ਭੇਂਟ ਕੀਤਾ ਗਿਆ। ਜਦੋਂ ਸਿੱਖ ਸੰਗਤ ਸ਼ਾਂਤਮਈ ਤਰੀਕੇ ਨਾਲ ਪ੍ਰੋਟੈਸਟ ਕਰ ਰਹੀ ਸੀ, ਸਪੀਕਰ ਸਾਹਿਬ, ਉਦੋਂ 4 ਨੌਜਵਾਨਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

**1205/Kuldeep kaur/Abhishek gautam**

**1210/Pawan sharma**

ਜਿਨ੍ਹਾਂ ਵਿੱਚ ਸ਼ਹੀਦ ਭਾਈ ਰਵਿੰਦਰ ਸਿੰਘ ਪਿੰਡ ਲਿੱਤਰਾਂ, ਭਾਈ ਹਰਮਿੰਦਰ ਸਿੰਘ ਪਿੰਡ ਚੂਲ੍ਹਪੁਰ, ਭਾਈ ਬਲਧੀਰ ਸਿੰਘ ਪਿੰਡ ਰਾਮਗੜ੍ਹ, ਭਾਈ ਝਿਲਮਿਲ ਸਿੰਘ ਗੋਰਸੀਆ ਸਨ। ਇਹ ਜਿਹੜੇ ਨੌਜਵਾਨ ਸਨ, ਉਹ ਉਸ ਵੇਲੇ ਸ਼ਹੀਦ ਕੀਤੇ ਗਏ ਸਨ। ਸਪੀਕਰ ਸਾਹਿਬ, ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦਾ ਗਠਨ ਹੋਇਆ। ਉਸ ਦੀ ਇੱਕ ਹਿੱਸੇ ਦੀ ਰਿਪੋਰਟ ਤਾਂ ਮਿਲ ਗਈ ਪਰ ਦੂਜੇ ਹਿੱਸੇ ਦੀ ਰਿਪੋਰਟ ਗ਼ਾਇਬ ਹੈ। ਦੂਜੇ ਹਿੱਸੇ ਦੀ ਰਿਪੋਰਟ ਹੀ ਨਹੀਂ ਲੱਭੀ। ਦੋ ਸਾਲ ਸਰਕਾਰ ਕਿਸ ਦੀ ਰਹੀ? ਸਰਕਾਰ ਤਾਂ ਉਸ ਸਮੇਂ ਅਕਾਲੀ ਦਲ ਦੀ ਸੀ। ਉਹ ਰਿਪੋਰਟ ਹੀ ਪੇਸ਼ ਕਰ ਦਿੰਦੇ। ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸੀ। ਸਾਡੇ ਸਾਥੀ ਬੈਠੇ ਹਨ, ਉਨ੍ਹਾਂ ਦੇ ਸਤਿਕਾਰਯੋਗ ਪਿਤਾ ਵੀ ਉਨ੍ਹਾਂ ਵਿੱਚ ਮਨਿਸਟਰ ਸਨ। ਸਰ, ਉਸ ਤੋਂ ਬਾਅਦ ਫਿਰ, ਮੈਂ ਅਕਾਲੀ ਦਲ ਦੀ ਗੱਲ ਕਰਾਂਗਾ, ਸਾਲ 1997 ਤੋਂ ਲੈ ਕੇ 2002 ਤੱਕ ਫਿਰ ਅਕਾਲੀ ਦਲ ਦੀ ਸਰਕਾਰ ਆਉਂਦੀ ਹੈ। ਕੋਈ ਕਾਰਵਾਈ ਨਹੀਂ ਹੋਈ। ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਨੂੰ ਲੱਭਣ ਦਾ ਯਤਨ ਨਹੀਂ ਕੀਤਾ ਗਿਆ, ਕੋਈ ਐਕਸ਼ਨ ਨਹੀਂ ਹੋਇਆ। ਚੱਲੋ, ਉਸ ਸਮੇਂ ਦੇ ਦੌਰਾਨ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਸੀ, ਪਰ

ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਇਸ ਦੁਨੀਆ ਵਿੱਚੋਂ ਚਲੇ ਗਏ, ਉਨ੍ਹਾਂ ਦੀ ਸਰਕਾਰ 1997 ਤੋਂ ਲੈ ਕੇ 2002 ਤੱਕ ਰਹੀ। ਇੱਕ ਵੀ ਯਤਨ, ਇੱਕ ਸਿੰਗਲ ਡੇਅ, ਉਸ ਸਮੇਂ ਤਾਂ ਅਸੀਂ ਵਿਧਾਨ ਸਭਾ ਵਿੱਚ ਨਹੀਂ ਸੀ, ਆਮ ਆਦਮੀ ਪਾਰਟੀ ਇਸ ਵਿਧਾਨ ਸਭਾ ਵਿੱਚ ਨਹੀਂ ਸੀ ਪਰ ਸਾਡੇ ਸਾਹਮਣੇ ਬੈਠੇ ਬਹੁਤ ਸਾਰੇ ਸਤਿਕਾਰਯੋਗ ਸਾਥੀ ਇਸ ਵਿਧਾਨ ਸਭਾ ਦੇ ਮੈਂਬਰ ਸਨ। ਇੱਕ ਦਿਨ ਵੀ, ਸਿੰਗਲ ਡੇਅ ਵੀ, ਪਲੀਜ਼ ਪੂਰਾ ਇਤਿਹਾਸ ਫਰੋਲ ਕੇ ਦੱਸ ਦਿਓ, ਇਨ੍ਹਾਂ ਸਾਥੀਆਂ ਨੇ ਇੱਕ ਦਿਨ ਵੀ ਕਦੇ ਕੁਐਸਚਨ ਲਗਾਇਆ ਹੋਵੇ, ਕਦੇ ਪੁੱਛਿਆ ਹੋਵੇ ਕਿ ਨਕੋਦਰ ਕਾਂਡ ਦਾ ਕੀ ਬਣਿਆ, ਕਦੇ ਵਿਧਾਨ ਸਭਾ ਦੇ ਅੰਦਰ ਰਿਪੋਰਟ ਬਾਰੇ ਜ਼ਿਕਰ ਕੀਤਾ ਹੋਵੇ, ਇਸ ਤਰ੍ਹਾਂ ਇੱਕ ਦਿਨ ਵੀ ਨਹੀਂ ਕੀਤਾ ਗਿਆ। ਸਰ, ਉਸ ਤੋਂ ਬਾਅਦ ਕੀ ਹੋਇਆ, ਸਾਲ 2002 ਤੋਂ ਲੈ ਕੇ ਸਾਲ 2007 ਤੱਕ ਪੰਜਾਬ ਦੇ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਆਉਂਦੀ ਹੈ, 05 ਸਾਲ ਕੋਈ ਐਕਸ਼ਨ ਨਹੀਂ ਹੋਇਆ, ਰਿਪੋਰਟ ਨਹੀਂ ਲੱਭੀ ਗਈ, ਚੈਪਟਰ close ਹੋ ਗਿਆ। ਸਾਲ 2007 ਤੋਂ ਲੈ ਕੇ ਸਾਲ 2017 ਤੱਕ ਫਿਰ ਕਿਸ ਦੀ ਸਰਕਾਰ ਰਹੀ? ਅਕਾਲੀ ਦਲ ਦੀ ਸਰਕਾਰ ਰਹੀ। ਅੱਜ ਸ਼ਾਇਦ ਉਨ੍ਹਾਂ ਦੇ ਇਕਲੌਤੇ ਮੈਂਬਰ ਵਿਧਾਨ ਸਭਾ ਵਿੱਚ ਆਉਣ ਤੋਂ ਵੀ ਉਨ੍ਹਾਂ ਨੇ ਗੁਰੇਜ਼ ਕੀਤਾ। ਮੈਂ ਦੇਖ ਰਿਹਾ ਸੀ ਕਿ ਅਕਾਲੀ ਦਲ ਦੀਆਂ ਬਹੁਤ ਸਾਰੀਆਂ ਸਟੇਟਮੈਂਟਾਂ ਜਾਰੀ ਹੋ ਰਹੀਆਂ ਸਨ ਪਰ ਲੇਕਿਨ ਅੱਜ ਉਨ੍ਹਾਂ ਦੇ ਇਕਲੌਤੇ ਮੈਂਬਰ ਵੱਲੋਂ ਵੀ ਪੰਜਾਬ ਦੀ ਵਿਧਾਨ ਸਭਾ ਵਿੱਚ ਆਉਣ ਤੋਂ ਗੁਰੇਜ਼ ਕੀਤਾ, ਕਿਉਂ? ਕਿਉਂਕਿ ਉਹ ਇਸ ਪੰਜਾਬ ਵਿਧਾਨ ਸਭਾ ਦੇ ਪਵਿੱਤਰ ਸੈਸ਼ਨ ਵਿੱਚ ਆਪਣਾ ਯੋਗਦਾਨ ਨਾ ਪਾ ਸਕਣ। ਅੱਜ ਵੀ ਉਨ੍ਹਾਂ ਦੇ ਮਨ ਦੇ ਅੰਦਰ ਕਿਤੇ ਨਾ ਕਿਤੇ, ਮੈਂ ਸਮਝਦਾ ਹਾਂ ਕਿ ਇਸ ਬਿਲ ਦਾ ਸਤਿਕਾਰ ਨਹੀਂ ਹੈ, ਇਸ ਬਿਲ ਦੇ ਪ੍ਰਤੀ ਉਨ੍ਹਾਂ ਦੀ ਨਫ਼ਰਤ ਝਲਕਦੀ ਹੈ। ਉਨ੍ਹਾਂ ਨੂੰ ਆਉਣਾ ਚਾਹੀਦਾ ਸੀ, ਆ ਕੇ ਬੋਲਣਾ ਚਾਹੀਦਾ ਸੀ ਕਿ ਹਾਂ, ਇਸ ਬਿਲ ਦੇ ਸਮਰਥਨ ਵਿੱਚ ਹਾਂ, ਚਾਰ ਗ਼ਲਤੀਆਂ ਹੀ ਕੱਢ ਦਿੰਦੇ ਪਰ ਨਹੀਂ ਬੋਲੇ। ਸੋ, ਸਰ ਇਸ ਤੋਂ ਬਾਅਦ ਕੀ ਹੋਇਆ? ਪੰਜਾਬ ਜਾਣਦਾ ਹੈ ਕਿ ਸਾਲ 2015 ਵਿੱਚ ਸਭ ਤੋਂ ਵੱਧ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਤੁਹਾਨੂੰ ਪਤਾ ਹੀ ਹੈ, ਬਰਗਾੜੀ, ਬਹਿਬਲ ਕਲਾਂ, ਇਹ ਸਾਰਾ scene ਪੰਜਾਬ ਦੇ ਸਾਹਮਣੇ ਹੈ। ਹੁਣੇ ਸਾਥੀ ਬੋਲ ਰਹੇ ਸਨ, ਬੜੇ ਸਤਿਕਾਰਯੋਗ ਹਨ, ਪੰਜ ਸਾਲ ਕਾਂਗਰਸ ਪਾਰਟੀ ਦੀ ਸਰਕਾਰ ਰਹੀ। ਜਿਵੇਂ ਤੁਸੀਂ (ਮਾਣਯੋਗ ਸਪੀਕਰ ਸਾਹਿਬ ਵੱਲੇ ਵੇਖਦੇ ਹੋਏ) ਬਾਖ਼ੂਬੀ ਬਿਆਨ ਕੀਤਾ ਕਿ ਕਿੰਨੇ ਚਲਾਨ, ਕਿੰਨੀਆਂ ਚਾਰਜਸ਼ੀਟਾਂ, ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਨੇ ਪੰਜਾਬ ਦੀਆਂ ਕੋਰਟਾਂ ਵਿੱਚ ਪੇਸ਼ ਕੀਤੀਆਂ ਹਨ, ਕਿੰਨਿਆਂ ਦੇ ਨਾਂ ਤੁਸੀਂ quote ਕੀਤੇ ਹਨ- ਸਵਰਗਵਾਸੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ, ਸੁਖਬੀਰ ਸਿੰਘ ਬਾਦਲ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਸਾਡੇ ਤੇ comment ਕਰ ਰਹੇ ਹੋ ਕਿ ਪੰਜ ਸਾਲਾਂ ਦੇ ਦੌਰਾਨ ਸਿੰਗਲ ਅਟੈਂਪਟ ਦਿਖਾ ਦਿਓ ਕਿ ਤੁਹਾਡੇ ਸਾਬਕਾ colleague ਕੈਪਟਨ ਅਮਰਿੰਦਰ ਸਿੰਘ ਨੇ, ਸੁਨੀਲ ਜਾਖੜ ਜੀ ਨੇ, ਮਨਪ੍ਰੀਤ ਸਿੰਘ ਬਾਦਲ ਜੀ ਨੇ, ਨਵਜੋਤ ਸਿੰਘ ਸਿੱਧੂ ਜੀ ਨੇ ਇਸ ਦੇ ਦੌਰਾਨ ਕਦੇ ਵੀ ਮੰਗ ਕੀਤੀ ਹੋਵੇ? ਬਲਕਿ ਮੈਨੂੰ ਯਾਦ ਹੈ ਕਿ ਸਪੀਕਰ ਸਾਹਿਬ, ਤੁਸੀਂ ਉੱਥੇ ਬੈਠਦੇ ਸੀ, ਤੁਸੀਂ ਨਕੋਦਰ ਬਾਰੇ ਗੱਲ ਕੀਤੀ ਸੀ ਪਰ ਕੋਈ ਜਵਾਬ ਨਹੀਂ ਆਇਆ ਸੀ ਕਿਉਂਕਿ ਰਿਪੋਰਟ ਹੀ ਗ਼ਾਇਬ ਕਰ ਦਿੱਤੀ ਗਈ, ਰਿਪੋਰਟ ਹੀ ਨਹੀਂ ਲੱਭ ਰਹੀ, ਜਿਹੜਾ ਉਸ incident ਦਾ evidence ਸੀ, ਉਹ ਸਾਰਾ ਹੀ ਤਬਾਹ ਕਰ ਦਿੱਤਾ ਗਿਆ, ਖ਼ਤਮ ਕਰ ਦਿੱਤਾ ਗਿਆ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਹਾਂ ਜੀ, ਬੀਬਾ ਇੰਦਰਜੀਤ ਕੌਰ ਮਾਨ ਜੀ।

**1210/Pawan sharma/BS khokhar**

**1215/Beant kaur**

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਧੰਨਵਾਦ। ਮੈਂ ਸਾਡੇ ਮਾਣਯੋਗ ਖਜ਼ਾਨਾ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਨਕੋਦਰ ਕਾਂਡ ਦਾ ਜ਼ਿਕਰ ਖਾਸ ਤੌਰ ਤੇ ਇਸ ਵਿੱਚ ਲਿਆ ਕੇ ਉਸ ਤੇ ਚਾਨਣਾ ਪਾਇਆ ਹੈ। ਨਕੋਦਰ ਮੇਰਾ ਹਲਕਾ ਹੈ, ਸੋ ਮੈਂ ਇਸ ਸਬੰਧੀ ਹੋਰ ਚਾਨਣਾ ਪਾਉਣਾ ਚਾਹੁੰਦੀ ਹਾਂ। ਬੇਸ਼ੱਕ ਮੈਂ ਉਦੋਂ ਸਿਰਫ 14-15 ਸਾਲ ਦੀ ਉਮਰ ਵਿੱਚ ਸੀ। ਉਸ ਦੇ ਬਾਵਜੂਦ ਅਸੀਂ ਇਹ ਸਾਰਾ ਕੁਝ ਬੜੀ ਬਰੀਕੀ ਨਾਲ ਦੇਖਿਆ ਅਤੇ ਹੰਢਾਇਆ ਹੈ। ਇਹ ਕਾਂਡ 2 ਫਰਵਰੀ, 1986 ਨੂੰ ਹੋਇਆ ਸੀ। ਜਿਹੜੇ ਪੰਜ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਕੀਤੇ ਗਏ ਸਨ, ਸਿਰਫ ਉਨ੍ਹਾਂ ਦੇ ਸ਼ਾਂਤਮਈ ਢੰਗ ਨਾਲ ਦਰਸ਼ਨ ਕਰਨ ਵਾਸਤੇ ਸੰਗਤ ਨੇ 4 ਫਰਵਰੀ, 1986 ਨੂੰ ਮੰਗ ਕੀਤੀ ਸੀ ਪਰੰਤੂ ਬਿਨਾ ਸੰਗਤ ਨੂੰ ਕਿਸੇ ਤਰ੍ਹਾਂ ਦੀ ਇਤਲਾਹ ਦਿੱਤਿਆਂ ਸਿੱਧੀਆਂ ਛਾਤੀ ਵਿੱਚ ਗੋਲੀਆਂ ਮਾਰੀਆਂ ਗਈਆਂ, ਜਬਾੜੇ ਉਡਾਏ ਗਏ। ਇੰਨਾ ਹੀ ਨਹੀਂ ਹੋਇਆ, ਇਨ੍ਹਾਂ ਨੇ ਬਿਨਾ ਪਰਿਵਾਰਾਂ ਨੂੰ ਨਾਲ ਲਏ, ਉਨ੍ਹਾਂ ਦੇ ਪੋਸਟ ਮਾਰਟਮ ਕਰਵਾਏ। ਬਿਨਾ ਪਰਿਵਾਰਾਂ ਦੀ ਸਹਿਮਤੀ ਤੋਂ, ਬਿਨਾ ਪਰਿਵਾਰਾਂ ਨੂੰ ਦੱਸਿਆਂ ਉਨ੍ਹਾਂ ਦੇ ਸਸਕਾਰ ਕੀਤੇ ਗਏ। ਸਰਦਾਰ ਬਲਦੇਵ ਸਿੰਘ ਜੀ ਦਾ ਮੇਰੇ ਤੋਂ ਇਕ ਕਿਲੋਮੀਟਰ ਦੂਰ ਨਾਲ ਵਾਲਾ ਪਿੰਡ ਲਿੱਤਰਾਂ ਹੈ, ਉਨ੍ਹਾਂ ਨੇ ਘਰ ਅਸਥੀਆਂ ਲੈ ਕੇ ਗਏ। ਉਨ੍ਹਾਂ ਨੇ ਅਸਥੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਘਿਨੌਣੇ ਕਾਂਡ ਖਿਲਾਫ ਇਕ ਵੀ ਐਫਆਈਆਰ ਦਰਜ ਨਹੀਂ ਹੋਈ ਕਿ ਕਿਨ੍ਹਾਂ ਦੇ ਕਹਿਣ ਤੇ ਅਫਸਰਾਂ ਨੇ ਸਿੱਧੀਆਂ ਛਾਤੀਆਂ ਵਿੱਚ ਗੋਲੀਆਂ ਚਲਾਈਆਂ ਸਨ। ਉਸ ਵੇਲੇ ਏ.ਡੀ.ਸੀ ਕਮ ਡੀਸੀ ਦਰਬਾਰਾ ਸਿੰਘ ਗੁਰੂ ਉਥੇ ਸਨ, ਉਸ ਦੇ ਨਾਲ ਹੀ ਐਸ.ਐਸ.ਪੀ ਇਜ਼ਹਾਰ ਆਲਮ ਸਨ, ਐਸਪੀ ਅਸ਼ਵਨੀ ਸ਼ਰਮਾ ਸੀ। ਬਹੁਤ ਸਾਰੇ ਅਫਸਰ ਇਸ ਵਿੱਚ ਇਨਵਾਲਵ ਸਨ। ਅੱਜ ਤੱਕ ਇਕ ਐਫ.ਆਈ.ਆਰ ਦਰਜ ਨਹੀਂ ਹੋਈ ਅਤੇ ਉਸ ਤੋਂ ਵੀ ਵੱਡਾ ਤੁਸੀਂ ਜ਼ੁਲਮ ਦੇਖੋ ਕਿ ਜਸਟਿਸ ਗੁਰਨਾਮ ਸਿੰਘ ਤੀਰ ਜੀ ਦੀ ਜਿਹੜੀ ਰਿਪੋਰਟ ਸੀ, ਉਸ ਵਿੱਚ ਜੋ ਉਨ੍ਹਾਂ ਨੇ ਬਿਆਨ ਕੀਤਾ, ਉਹ ਰੱਖਿਆ ਗਿਆ। ਜਿਹੜੇ ਉਨ੍ਹਾਂ ਨੇ ਲੋਕਾਂ ਦੇ ਬਿਆਨ ਦਰਜ ਕੀਤੇ ਸਨ, ਜੋ ਉਨ੍ਹਾਂ ਨੇ ਇਸ ਦੇ ਖਿਲਾਫ SIT ਕਾਇਮ ਕੀਤਾ, ਉਸ ਦੀ ਇਕ ਵੀ ਚੀਜ਼ ਇਸ ਰਿਕਾਰਡ ਵਿੱਚ ਸ਼ਾਮਲ ਨਹੀਂ ਹੈ। ਅਕਾਲੀ ਦਲ ਅਤੇ ਕਾਂਗਰਸ ਨੇ ਇੰਟੈਂਸ਼ਨਲੀ ਇਹ ਬਿਆਨ ਅਤੇ SIT ਦੀ ਰਿਪੋਰਟ ਗਾਇਬ ਕੀਤੀ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ** : ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਸਰਦਾਰ ਬਲਦੇਵ ਸਿੰਘ ਜੀ, ਜੋ ਅੱਜ ਬਜ਼ੁਰਗ ਹੋ ਗਏ ਹਨ, ਉਹ ਅੱਜ ਤੱਕ ਆਪਣੇ ਪੁੱਤਰ ਲਈ ਇਨਸਾਫ ਵਾਸਤੇ ਭਟਕ ਰਹੇ ਹਨ।

**ਮਾਣਯੋਗ ਸਪੀਕਰ** : ਬੀਬਾ ਜੀ, ਬੈਠ ਜਾਓ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ** : ਇਹ ਰਿਪੋਰਟਾਂ ਰਿਕਾਰਡ ਵਿਚੋਂ ਇੰਟੈਂਸ਼ਨਲੀ ਕੱਢੀਆਂ ਗਈਆਂ ਹਨ। ਸੋ, ਮੈਂ ਮੰਗ ਕਰਾਂਗੀ ਕਿ ਇਹ ਮੇਰੇ ਹਲਕੇ ਦਾ ਵੀ ਮਸਲਾ ਹੈ ਅਤੇ ਜਿਹੜੇ ਨੌਜਵਾਨ ਬੱਚੇ ਉਸ ਵੇਲੇ ਮਰੇ ਹਨ, ਉਨ੍ਹਾਂ ਦਾ ਵੀ ਮਸਲਾ ਹੈ।

**ਮਾਣਯੋਗ ਸਪੀਕਰ** : ਥੈਂਕ ਯੂ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ** : ਇਸ ਵਾਸਤੇ ਜ਼ਰੂਰ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

**ਮਾਣਯੋਗ ਸਪੀਕਰ** : ਮੈਂ ਇਸ ਵਾਸਤੇ ਕਲੈਰੀਫਾਈ ਕਰ ਦੇਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਸਦਨ ਦੀ ਇਕ ਕਮੇਟੀ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਸੋ, ਇਸ ਦੀ ਇਨਕੁਆਇਰੀ ਦਾ ਕੰਮ ਸਿਲੈਕਟ ਕਮੇਟੀ ਨੂੰ ਸੌਂਪ ਦਿੱਤਾ ਗਿਆ ਹੈ। ਸੋ, ਇਸ ਦੀ ਇਨਕੁਆਇਰੀ ਹੋਵੇਗੀ। ਹਾਂ ਜੀ, ਬਾਜਵਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**Sardar Partap Singh Bajwa :** Just to put the record straight, ਮੈਂ ਬਤੌਰ ਲੀਡਰ ਆਫ ਆਪੋਜੀਸ਼ਨ ਤੁਹਾਨੂੰ ਤਿੰਨ ਵਾਰ ਰਿਕੁਐਸਟ ਕੀਤੀ ਹੈ ਕਿ ਇਸ ਨਕੋਦਰ ਵਾਲੇ ਗੋਲੀ ਕਾਂਡ ਬਾਰੇ ਜਸਟਿਸ ਮਿਲਣੀ ਚਾਹੀਦੀ ਹੈ। ਅਜਿਹਾ ਨਹੀਂ ਹੈ ਕਿ ਸਾਡੇ ਵੱਲੋਂ ਰਿਕੁਐਸਟ ਨਹੀਂ ਆਈ, ਪਿਛਲੇ ਚਾਰ ਸਾਲਾਂ ਵਿੱਚ ਤਿੰਨ ਵਾਰ ਚਿੱਠੀਆਂ ਮੇਰੇ ਵੱਲੋਂ ਗਈਆਂ ਹਨ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ** : 40 ਸਾਲ ਲੰਘ ਗਏ ਤੇ ਤੁਸੀਂ ਹੁਣ ਸਾਨੂੰ ਰਿਕੁਐਸਟ ਕੀਤੀ ਹੈ।

**ਮਾਣਯੋਗ ਸਪੀਕਰ** : ਠੀਕ ਹੈ। ਬਾਜਵਾ ਜੀ, it is on record. ਹਾਂ ਜੀ, ਚੀਮਾ ਸਾਹਿਬ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਸਾਲ 2015 ਵਿੱਚ ਬਰਗਾੜੀ-ਬਹਿਬਲ ਕਲਾਂ ਕਾਂਡ ਵਾਪਰਿਆ। ਤੁਸੀਂ ਬੜੀ ਤਰੀਕੇ ਨਾਲ ਦੱਸਿਆ ਹੈ ਕਿ ਕਿਨ੍ਹਾਂ ਦੇ ਚਲਾਨ ਪੇਸ਼ ਹੋ ਗਏ ਅਤੇ ਕਿਨ੍ਹਾਂ ਦੇ ਨਹੀਂ ਹੋਏ। ਸਾਡੇ ਸਤਿਕਾਰਯੋਗ ਸਾਥੀ ਕਹਿ ਰਹੇ ਹਨ ਕਿ ਮੈਂ ਮੰਗ ਕੀਤੀ ਹੈ ਕਿ ਸਜ਼ਾ ਹੋਣੀ ਚਾਹੀਦੀ ਹੈ। ਹੁਣ ਪੰਜਾਬ ਦੀਆਂ ਅਦਾਲਤਾਂ ਵਿੱਚ ਚਾਰਜ਼ਸ਼ੀਟ ਪੇਸ਼ ਕੀਤੀ ਹੈ, ਜਦੋਂ ਤੁਹਾਡੀ ਸਰਕਾਰ ਸੀ, ਉਹ ਕਦੇ ਇਨ੍ਹਾਂ ਦੇ ਨਾਲ ਹੁੰਦੇ ਸੀ। ਹੁਣ ਇਹ ਨਾ ਕਹਿ ਦੇਣਾ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਬੀ ਜੇ ਪੀ ਵਿੱਚ ਚਲਾ ਗਿਆ, ਸੁਨੀਲ ਜਾਖੜ ਚਲਾ ਗਿਆ।

**ਮਾਣਯੋਗ ਸਪੀਕਰ** : ਵਿੱਤ ਮੰਤਰੀ ਸਾਹਿਬ, ਮੈਂ ਵੈਸੇ ਬੜਾ restraint ਰੱਖਦਾ ਹਾਂ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਕਰ ਦਿੰਦਾ ਹਾਂ।

**ਮਾਣਯੋਗ ਸਪੀਕਰ** : ਨਹੀਂ ਜੀ, ਤੁਹਾਡੀ ਗੱਲ ਠੀਕ ਹੈ, ਤੁਸੀਂ ਕਰੋ। ਮੈਂ ਇੰਟਰਜੈਕਸ਼ਨ ਕਰਨੀ ਚਾਹੁੰਦਾ ਹਾਂ। ਸਜ਼ਾ ਤਾਂ ਕੀ ਦੇਣੀ ਸੀ, ਜਿਹੜੇ ਆਪਣੇ ਆਪ ਨੂੰ ਪੰਥਕ ਕਹਾਉਂਦੇ ਸੀ, ਉਨ੍ਹਾਂ ਵੱਲੋਂ ਮੁਹੰਮਦ ਇਜ਼ਹਾਰ ਆਲਮ ਨੂੰ, ਦਰਬਾਰਾ ਸਿੰਘ ਗੁਰੂ ਨੂੰ ਟਿਕਟਾਂ ਮਿਲੀਆਂ ਸਨ।(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਜਿਹੜੇ ਉਸ ਸਮੇਂ ਇਸ ਵਾਸਤੇ ਜ਼ਿੰਮੇਵਾਰ ਸਨ।

**ਵਿੱਤ ਮੰਤਰੀ** : Yes, ਮੈਂ ਉਥੇ ਹੀ ਆਉਣਾ ਸੀ। ਜੇ ਅਕਾਲੀ ਦਲ ਨੂੰ ਅੱਜ ਪੰਜਾਬ ਵਿੱਚ ਕੋਈ ਨਹੀਂ ਪੁੱਛ ਰਿਹਾ ਤਾਂ ਉਸ ਦਾ ਕਾਰਨ ਇਹੀ ਹੈ ਕਿ ਇਜ਼ਹਾਰ ਆਲਮ ਵਰਗੇ ਵਿਅਕਤੀ, ਜਿਹੜੇ ਉਸ ਸਮੇਂ ਦੋਸ਼ੀ ਸਨ, ਸਰਦਾਰ ਦਰਬਾਰਾ ਸਿੰਘ ਗੁਰੂ, ਜਿਹੜੇ ਉਸ ਸਮੇਂ ਦੋਸ਼ੀ ਸਨ, ਅਕਾਲੀ ਦਲ ਉਨ੍ਹਾਂ ਨੂੰ ਸਨਮਾਨਿਤ ਕਰਦਾ ਰਿਹਾ ਹੈ। ਅਕਾਲੀ ਦਲ-ਬੀਜੇਪੀ ਇਲੈਕਸ਼ਨਾਂ ਲੜਾਉਂਦਾ ਰਿਹਾ ਹੈ। ਇਹ ਅੱਜ ਉਸੇ ਕਰਕੇ ਇਸ ਪਵਿੱਤਰ ਸਦਨ ਅੰਦਰ ਨਹੀਂ ਆਏ।

**ਮਾਣਯੋਗ ਸਪੀਕਰ** : ਵੈਸੇ ਤੁਸੀਂ ਉਨ੍ਹਾਂ ਨੂੰ ਅਕਾਲੀ ਦਲ ਨਾ ਕਹੋ, ਬਾਦਲ ਦਲ ਕਹਿ ਲਓ।

**1215/Beant kaur/BS khokhar**

**1220/Karamjit kaur**

**ਵਿੱਤ ਮੰਤਰੀ:** ਮੈਂ ਦੇਖ ਰਿਹਾ ਸੀ ਕਿ ਜਿਹੜਾ ਚਲਾਨ ਪੇਸ਼ ਹੋਇਆ, ਉਸ ਚਲਾਨ ਦੇ ਅੰਦਰ ਮੈਂ ਹੁਣੇ ਥੋੜ੍ਹਾ ਜਿਹਾ ਪੜ੍ਹਿਆ ਸੀ ਕਿ ਬਹਿਬਲ ਕਲਾਂ ਅਤੇ ਬਰਗਾੜੀ ਦੇ ਵਿੱਚ ਜਿਹੜੇ ਦੋ ਨੌਜਵਾਨ ਮਾਰੇ ਗਏ ਸੀ, ਉਨ੍ਹਾਂ ਦੀਆਂ ਡੈੱਡ ਬਾਡੀਜ਼ ਦੇ ਅੰਦਰੋਂ ਜਿਹੜੀਆਂ ਗੋਲੀਆਂ ਮਿਲੀਆਂ ਸੀ, ਉਨ੍ਹਾਂ ਨੂੰ ਟੈਂਪਰ ਕੀਤਾ ਗਿਆ। ਉਨ੍ਹਾਂ ਗੋਲੀਆਂ ਦੀ ਸ਼ੇਪ ਬਦਲੀ ਗਈ ਤਾਂ ਕਿ ਅਦਾਲਤ ਇਹ ਡਿਟਰਮਿਨ ਨਾ ਕਰ ਸਕੇ, ਇਸ ਨਤੀਜੇ ਉੱਤੇ ਪਹੁੰਚ ਨਾ ਸਕੇ ਕਿ ਕੀ ਇਹ ਗੋਲੀ ਏ.ਕੇ. 47 ਵਿੱਚੋਂ ਚੱਲੀ ਸੀ, 3 knot 3 ਵਿੱਚੋਂ ਚੱਲੀ ਸੀ ਜਾਂ ਰਿਵਾਲਵਰ ਵਿੱਚੋਂ ਚੱਲੀ ਸੀ। ਇਸ ਤਰ੍ਹਾਂ ਬੈਨੇਫਿਟ ਆਫ ਡਾਊਟ ਦੇਣ ਦਾ ਕੰਮ ਅਕਾਲੀ ਦਲ ਨੇ ਸਾਲ 2015 ਤੋਂ ਲੈ ਕੇ 2017 ਦੇ ਸਮੇਂ ਦੌਰਾਨ ਕੀਤਾ। ਸਾਰੇ ਐਵੀਡੈਂਸ ਨੂੰ ਖਤਮ ਕਰਨ ਦਾ ਕੰਮ ਅਕਾਲੀ ਦਲ ਨੇ ਸਾਲ 2015 ਤੋਂ ਲੈ ਕੇ 2017 ਤੱਕ ਕੀਤਾ ਲੇਕਿਨ ਫੇਰ ਵੀ ਪੰਜ ਸਾਲ ਕਾਂਗਰਸ ਪਾਰਟੀ ਦੀ ਸਰਕਾਰ ਸੀ, ਜਸਟਿਸ ਜਾਣਬੁੱਝ ਕੇ ਡਿਲੇਅ ਕੀਤਾ ਗਿਆ ਕਿਉਂਕਿ justice delayed is Justice denied. ਯਾਨੀ ਕਿ ਉਸ ਚੀਜ ਨੂੰ ਡਿਲੇਅ ਕਰ ਦਿਉ, ਉਹ ਕਿਸੇ ਨਤੀਜੇ ਉੱਤੇ ਨਹੀਂ ਪਹੁੰਚੇਗੀ, ਕਿਉਂਕਿ ਉਸ ਸਮੇਂ ਦੌਰਾਨ ਬਹੁਤ ਸਾਰੇ ਗਵਾਹਾਂ ਦੀ ਮੌਤ ਹੋ ਜਾਣੀ ਹੈ, ਹੋਰ ਬਹੁਤ ਸਾਰਾ ਐਵੀਡੈਂਸ ਖਤਮ ਹੋ ਜਾਣਾ ਹੈ। ਸੋ, ਇਹ ਕੰਮ ਹੋਇਆ, ਕਿਉਂਕਿ ਉਦੋਂ ਚਾਚਾ-ਭਤੀਜਾ ਦੀ ਸਰਕਾਰ ਸੀ। ਸਰਕਾਰ ਮਿਲੀ-ਜੁਲੀ ਚੱਲਣੀ ਸੀ। ਅਕਾਲੀ ਦਲ ਅਤੇ ਕਾਂਗਰਸ ਦਾ ਗਠਜੋੜ ਸੀ ਕਿ ਪੰਜ ਸਾਲ ਮੈਂ ਤੁਹਾਨੂੰ ਬਚਾਵਾਂਗਾ ਅਤੇ ਪੰਜ ਸਾਲ ਤੁਸੀਂ ਸਾਨੂੰ ਬਚਾਇਓ। ਇਹ ਤਾਂ ਜਦੋਂ ਤੀਜੀ ਪਾਰਟੀ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਚੁਣਿਆ ਤਾਂ ਅੱਜ ਇਹ ਸਾਰੇ ਚਲਾਨ ਅਦਾਲਤ ਦੇ ਅੰਦਰ ਪੇਸ਼ ਹੋਏ ਹਨ।

ਸੋ, ਇਸ ਤੋਂ ਬਿਨਾਂ ਮੈਂ ਦੇਖ ਰਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਜੀ ਨੂੰ ਪਿਛੇ ਜਿਹੇ ਬਹੁਤ ਹੀ ਸਤਿਕਾਰਯੋਗ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਮਨ ਕੀਤਾ ਗਿਆ। ਜਦੋਂ ਸੰਮਨ ਕੀਤਾ ਗਿਆ ਤਾਂ ਉਨ੍ਹਾਂ ਨੇ ਜੋ ਸਾਲ 2007 ਤੋਂ ਲੈ ਕੇ 2017 ਤੱਕ ਪੰਥਕ ਮੁੱਦਿਆਂ ਨੂੰ ਲੈ ਕੇ ਸਰਕਾਰ ਵਿੱਚ ਰਹਿ ਕੇ ਗਲਤੀਆਂ ਕੀਤੀਆਂ ਸੀ, ਉਨ੍ਹਾਂ ਨੇ ਉਥੇ ਇਕੱਲੀ ਇਕੱਲੀ ਗੱਲ ਨੂੰ ਕਬੂਲ ਕੀਤਾ, ਗਲਤੀਆਂ ਨੂੰ ਮੰਨਿਆ ਅਤੇ ਧਾਰਮਿਕ ਸਜ਼ਾ ਭੁਗਤੀ। ਹੁਣ ਉਹ ਜਦੋਂ ਪਬਲਿਕ ਰੈਲੀਆਂ ਵਿੱਚ ਜਾਂਦੇ ਹਨ ਤਾਂ ਕੀ ਕਹਿੰਦੇ ਹਨ ਕਿ ਅਸੀਂ under compulsion ਸੀ, ਸਾਨੂੰ ਤਾਂ ਜਾਣਬੁੱਝ ਕੇ ਫਸਾਇਆ ਗਿਆ ਸੀ। ਸਾਡੇ ਤੋਂ ਜਾਣਬੁੱਝ ਕੇ ਕਹਾਇਆ ਗਿਆ ਸੀ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਭਾਈ ਸਾਹਿਬ ਤੁਸੀਂ ਕੈਂਬਰਿਜ ਯੂਨੀਵਰਸਿਟੀ ਵਿੱਚੋਂ ਪੜ੍ਹ ਕੇ ਆਏ ਹੋ, ਤੁਸੀਂ ਵੱਡੀਆਂ ਵੱਡੀਆਂ ਯੂਨੀਵਰਸਿਟੀਆਂ ਵਿੱਚ ਪੜ੍ਹ ਕੇ ਆਏ ਹੋ, ਤੁਹਾਨੂੰ ਕੰਪੈਲ ਕੌਣ ਕਰ ਸਕਦਾ ਹੈ? ਤੁਸੀਂ

ਪੰਜਾਬ ਦੇ ਡਿਪਟੀ ਸੀ.ਐਮ ਰਹੇ ਹੋ। ਤੁਸੀਂ ਦੇਸ਼ ਦੀ ਪਾਰਲੀਮੈਂਟ ਵਿੱਚ ਵਜ਼ੀਰ ਰਹੇ ਹੋ। ਕਿੰਨੀ ਵਾਰ ਪੰਜਾਬ ਵਿੱਚ ਐਮ.ਐਲ.ਏ. ਰਹੇ ਹੋ, ਤੁਹਾਡੀ ਧਰਮ ਪਤਨੀ ਦੇਸ਼ ਦੀ ਪਾਰਲੀਮੈਂਟ ਵਿੱਚ ਵਜ਼ੀਰ ਰਹੀ ਹੈ, ਉਹ ਮੈਂਬਰ ਪਾਰਲੀਮੈਂਟ ਹੈ। ਉਨ੍ਹਾਂ ਦੇ ਹੋਰ ਬਹੁਤ ਸਾਰੇ ਸਾਥੀ ਹਨ, ਜੇ ਮੈਂ ਨਾਮ ਲੈਣ ਲੱਗ ਗਿਆ ਤਾਂ ਸਮਾਂ ਲੱਗ ਜਾਵੇਗਾ, ਕਿਉਂਕਿ ਅੱਜ ਸਮਾਂ ਘੱਟ ਹੈ। ਸੋ, ਸਾਰੇ ਸਾਥੀਆਂ ਦੇ ਮੰਨਣ ਤੋਂ ਬਾਅਦ, ਹੁਣ ਜਦੋਂ ਪਬਲਿਕ ਮੀਟਿੰਗਾਂ ਵਿੱਚ ਜਾਂਦੇ ਹਨ ਤਾਂ ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਗੁਮਰਾਹ ਕਰਨ ਦੇ ਯਤਨ ਕਰਦੇ ਹਨ ਕਿ ਨਹੀਂ ਜੀ ਸਾਡੇ ਤੋਂ ਤਾਂ ਜਾਣਬੁੱਝ ਕੇ ਕਰਵਾਇਆ ਗਿਆ। ਸੋ, ਸ਼੍ਰੋਮਣੀ ਅਕਾਲੀ ਦਲ ਦਾ ਇਹ ਕਿਰਦਾਰ ਹੈ। ਇਹ ਕਿਰਦਾਰ ਅਕਾਲੀ ਦਲ ਬਾਦਲ ਦਾ ਹੈ। ਪਰ ਲੇਕਿਨ ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਜਿਹੜਾ ਬਿਲ ਲੈ ਕੇ ਆਏ ਹਨ, ਇਹ ਉਹ ਬਿਲ ਹੈ ਜਿਸ ਦੇ ਵਿੱਚ ਪ੍ਰਾਵਧਾਨ ਕੀਤਾ ਗਿਆ ਹੈ, ਜਿਸ ਦੇ ਅੰਦਰ ਅਸੀਂ ਇਹ ਲਿਖਿਆ ਹੈ, The Jaagat Jot Sri Guru Granth Sahib Satkar Act, 2008 ਦੇ ਅੰਦਰ ਅਮੈਂਡਮੈਂਟ ਕਰਕੇ ਅਸੀਂ ਨਵੀਆਂ ਧਾਰਾਵਾਂ ਜੋੜੀਆਂ ਹਨ, ਜਿਸ ਦੇ ਰਾਹੀਂ ਉਮਰ ਕੈਦ ਤੱਕ ਦੀ ਸਜ਼ਾ ਹੋਵੇਗੀ ਤਾਂ ਕਿ ਕੋਈ ਵੀ ਵਿਅਕਤੀ ਇਹ ਸੋਚ ਨਾ ਸਕੇ ਕਿ ਮੈਂ ਬੇਅਦਬੀ ਕਰਕੇ ਬਚਿਆ ਰਹਾਂਗਾ ਕਿਉਂਕਿ ਪਹਿਲਾਂ ਤਾਂ ਇਸ ਐਕਟ ਅਧੀਨ bail able offence ਸੀ, ਅੱਗੇ ਤਾਂ ਅਪਰਾਧ ਲਈ ਸਜਾ ਦੋ ਸਾਲ ਤੱਕ ਸੀ। Bailable offence ਵਿੱਚ ਕੀ ਹੁੰਦਾ ਹੈ ਕਿ ਥਾਣੇਦਾਰ ਜਮਾਨਤ ਲੈ ਕੇ ਛੱਡ ਦਿੰਦਾ ਸੀ, ਹੁਣ ਇਸ ਨੂੰ non-bailable ਬਣਾਇਆ ਗਿਆ ਹੈ। ਮੈਂ ਸਾਡੇ ਸਤਿਕਾਰਯੋਗ ਆਪੋਜੀਸ਼ਨ ਨੂੰ ਵੀ ਦੱਸ ਦਿਆਂ ਕਿ ਇਸ ਐਕਟ ਨੂੰ ਪਹਿਲਾਂ ਆਨਰੇਬਲ ਗਵਰਨਰ ਸਾਹਿਬ ਨੇ assent ਦਿੱਤੀ ਹੋਈ ਹੈ। ਮੈਂ ਤੁਹਾਨੂੰ ਇਸ assent ਦੀ ਡੇਟ ਵੀ ਦੱਸ ਦਿੰਦਾ ਹਾਂ, ਇਸ ਬਿਲ ਨੂੰ ਗਵਰਨਰ ਸਾਹਿਬ ਨੇ ਆਲਰੇਡੀ 9 ਜੂਨ, 2008 ਨੂੰ assent ਦਿੱਤੀ ਸੀ। it says that the following Act of the State of Punjab received assent of Governor of Punjab on 9th June, 2008. ਸੋ, ਉਸ ਐਕਟ ਦੇ ਅੰਦਰ ਹੀ ਅਸੀਂ ਨਵੀਆਂ ਸੈਕਸ਼ਨ ਐਡ ਕਰਕੇ ਸੋ, ਕਹਿਣ ਦਾ ਭਾਵ ਅਸੀਂ ਇਸ ਦੇ ਅੰਦਰ ਧਾਰਾਵਾਂ ਐਡ ਕੀਤੀਆਂ ਹਨ ਅਤੇ ਇਹ ਜਿਹੜੀ ਗੱਲ ਕਹਿ ਰਹੇ ਹਨ ਕਿ ਇਹ ਬਿਲ ਜਿਹੜਾ ਹੈ, ਇਹ ਰਾਸ਼ਟਰਪਤੀ ਤੱਕ ਜਾਵੇਗਾ, ਅਜਿਹਾ ਕਹਿ ਕੇ ਭੰਬਲਭੂਸੇ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਮਿਸਲੀਡ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਇਹ ਗੱਲ ਬਿਲਕੁਲ ਗਲਤ ਹੈ।

**1220/Karamjit kaur/Rajneesh kumar**

**1225/harpreet singh**

ਇਸ ਐਕਟ ਨੂੰ ਸਾਡੇ ਮਾਣਯੋਗ ਰਾਜਪਾਲ ਜੀ ਆਪਣੀ ਕਨਸੈਂਟ ਦੇ ਦੇਣਗੇ ਕਿਉਂਕਿ ਮੈਂ ਪੜ੍ਹ ਰਿਹਾ ਸੀ ਕਿ ਬਹੁਤ ਸਾਰੀਆਂ ਸਟੇਟਾਂ ਨੇ ਆਪਣੀ ਲੈਜਿਸਲੇਸ਼ਨ ਬਣਾਈ ਹੈ, ਜਿਸ ਅੰਦਰ ਉਨ੍ਹਾਂ ਨੇ ਲਾਈਫ ਇੰਪਰੀਜ਼ਨਮੈਂਟ ਵੀ ਕੀਤੀ ਹੋਈ ਹੈ ਲੇਕਿਨ ਜਿਹੜਾ ਪਹਿਲਾਂ ਕਾਨੂੰਨ ਬਣਾਇਆ ਗਿਆ ਸੀ ਉਹ 295 ਦੇ ਵਿਚ ਸੋਧ ਨਹੀਂ ਕੀਤੀ ਗਈ ਸੀ ਸਗੋਂ 295 ਵਿਚ ਡਬਲ ਏ ਐਡ ਕੀਤੀ ਗਈ ਸੀ। ਜਿਹੜਾ ਬਾਜਵਾ ਜੀ ਨੇ ਕਿਹਾ ਕਿ ਲੀਗਲ ਐਕਸਪਰਟ ਤੋਂ ਰਾਏ ਲਈ ਜਾਵੇ ਤਾਂ ਅਸੀਂ ਉਹ ਲੀਗਲ ਐਕਸਪਰਟ ਤੋਂ ਰਾਏ ਲਈ ਸੀ। ਉਸ ਵਿਚ ਇਹ ਧਾਰਾਵਾਂ ਐਡ ਕੀਤੀਆਂ ਗਈਆਂ ਸਨ। ਜੇਕਰ ਉਸ ਵਿਚ ਅਮੈਂਡ ਕਰਕੇ ਭੇਜਦੇ ਤਾਂ ਸ਼ਾਇਦ ਉਸ ਨੂੰ ਸਹਿਮਤੀ ਮਿਲ ਜਾਂਦੀ ਪਰ ਉਦੋਂ ਵੀ ਸਾਨੂੰ ਲਗਦਾ ਹੈ ਕਿ ਇਨ੍ਹਾਂ ਦੇ ਮਨ ਵਿਚ ਮੰਦਭਾਵਨਾ ਸੀ ਕਿ ਧਾਰਾਵਾਂ ਐਡ ਕਰ ਦਿਓ, ਬਿਲ ਉੱਥੇ ਪਿਆ ਰਹੇਗਾ ਅਤੇ ਮਸਲਾ ਹੱਲ ਹੀ ਨਹੀਂ ਹੋਣਾ। ਸੋ, ਸਾਡੇ ਮੁੱਖ ਮੰਤਰੀ,

ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਸਾਡੀ ਆਮ ਆਦਮੀ ਪਾਰਟੀ ਦੀ ਨੀਅਤ ਬਿਲਕੁਲ ਸਾਫ਼ ਹੈ। ਅਸੀਂ ਬਿਲਕੁਲ ਇਸ ਗੱਲ ਤੇ ਸਹਿਮਤ ਹਾਂ ਅਤੇ ਮੈਂ ਸਮਝਦਾ ਹਾਂ ਕਿ ਸਮੁੱਚਾ ਹਾਊਸ ਇਸ ਗੱਲ ਤੇ ਸਹਿਮਤ ਹੈ ਕਿ ਜਿਹੜੇ ਅਪਰਾਧੀ ਹਨ, ਉਨ੍ਹਾਂ ਨੂੰ ਸਜਾਵਾਂ ਮਿਲਣ। ਜਿਹੜੇ ਕੇਸ ਚੱਲ ਰਹੇ ਹਨ, ਉਨ੍ਹਾਂ ਕੇਸਾਂ ਵਿਚ ਸਮਾਂਬੱਧ ਤਰੀਕੇ ਨਾਲ ਜਾਂਚ ਹੋਵੇ। ਤੁਸੀਂ ਸਾਰੇ ਬੜੇ ਸੂਝਵਾਨ ਹੋ, ਤੁਸੀਂ ਆਪ ਦੱਸੋ ਕਿ ਕਦੇ ਵੀ ਕਿਸੇ ਵੀ ਕ੍ਰਿਮੀਨਲ ਐਕਟ ਵਿਚ ਰੈਟਰੋਸਪੈਕਟਿਵਲੀ ਅਮੈਂਡਮੈਂਟ ਨਹੀਂ ਹੋ ਸਕਦੀ। ਜਿਹੜੀ ਗੱਲ ਸਤਿਕਾਰਯੋਗ ਵਿਰੋਧੀ ਧਿਰ ਦੇ ਨੇਤਾ ਕਹਿ ਰਹੇ ਸੀ ਕਿ ਰੈਟਰੋਸਪੈਕਟਿਵਲੀ ਕਰ ਲਓ। Sorry to say ਫਿਰ ਇਹ ਐਕਟ ਫੇਲ ਹੋ ਜਾਣਾ ਸੀ। ਇੱਥੋਂ ਵੀ ਤੁਹਾਡੀ ਇਨਟੈਂਸ਼ਨ ਤੇ ਸ਼ੱਕ ਪੈਦਾ ਹੁੰਦਾ ਹੈ। ਤੁਸੀਂ ਅੱਜ ਵੀ ਮੰਦਭਾਵਨਾ ਨਾਲ ਬੋਲ ਰਹੇ ਹੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਮਾਣਯੋਗ ਸਪੀਕਰ ਸਾਹਿਬ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਚੇਅਰ ਨੂੰ ਅਡਰੈਸ ਕੀਤਾ ਜਾਵੇ ਜੀ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਇਹ ਅੱਜ ਵੀ ਕਹਿ ਰਹੇ ਹਨ ਕਿ ਰੈਟਰੋਸਪੈਕਟਿਵਲੀ ਅਮੈਂਡਮੈਂਟ ਕਰ ਲਓ, ਇਸ ਦਾ ਮਲਤਬ ਹੈ ਕਿ ਇਸ ਐਕਟ ਨੂੰ ਪਾਸ ਹੀ ਨਾ ਹੋਣ ਦਿਓ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ ਜਵਾਬ ਦੇਣਾ ਚਾਹੁੰਦੇ ਹਨ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਨਹੀਂ ਜੀ, ਪਲੀਜ਼, ਮੈਨੂੰ ਆਪਣੀ ਗੱਲ ਕੰਪਲੀਟ ਕਰਨ ਦਿਓ। Let me complete Mr. Bajwa. ਪਲੀਜ਼, ਇਸ ਤਰ੍ਹਾਂ ਨਹੀਂ ਹੁੰਦਾ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਲਗਾਤਾਰ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ, ਤੁਸੀਂ ਬੋਲ ਲੈਣਾ, let him complete.

**ਵਿੱਤ ਮੰਤਰੀ:** ਤੁਸੀਂ ਪਹਿਲਾਂ ਐਕਟ ਪੜ੍ਹ ਕੇ ਆਉਂਦੇ ਜਾਂ ਤੁਸੀਂ ਰੈਟਰੋਸਪੈਕਟਿਵਲੀ ਦੀ ਡੈਫੀਨੇਸ਼ਨ ਪੜ੍ਹ ਲਓ, ਪਰੋਸਪੈਕਟਿਵ ਦੀ ਡੈਫੀਨੇਸ਼ਨ ਪੜ੍ਹ ਲਓ।

**ਮਾਣਯੋਗ ਸਪੀਕਰ:** ਚੀਮਾ ਜੀ, ਪਲੀਜ਼, ਤੁਸੀਂ ਕਨਕਲੂਡ ਕਰੋ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਇਹ ਅੱਜ ਵੀ ਉਪਰੋਂ ਉਪਰੋਂ ਕਹਿ ਰਹੇ ਹਨ ਕਿ ਅਸੀ ਨਾਲ ਹਾਂ ਪਰ ਅੰਦਰੋਂ ਅੱਜ ਵੀ ਇਹ ਮੈਂ ਸਮਝਦਾ ਹਾਂ ਕਿ ਇਹ ਐਕਟ ਪਾਸ ਨਾ ਹੋਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ ਬੈਠੇ):** ਅਸੀਂ ਤਾਂ ਪਹਿਲਾਂ ਹੀ ਸਹਿਮਤੀ ਦੇ ਦਿੱਤੀ।

**ਵਿੱਤ ਮੰਤਰੀ:** ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਪਹਿਲਾਂ ਸਹਿਮਤੀ ਦਿੱਤੀ ਹੈ ਪਰ ਜਿਹੜਾ ਤੁਹਾਡਾ ਆਰਗੂਮੈਂਟ ਸੀ ਕਿਉਂਕਿ ਤੁਹਾਡੇ ਵਿਚ ਕਾਫ਼ੀ ਲਰਨਡ ਵਕੀਲ ਵੀ ਬੈਠੇ ਹਨ। ਉਹ ਮੇਰੇ ਨਾਲ ਇਸ ਗੱਲ ਤੇ ਸਹਿਮਤ ਹੋਣਗੇ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਲਗਾਤਾਰ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਓ। ਮੈਂ ਇਹ ਬਿਲਕੁਲ ਨਹੀਂ ਕਿਹਾ। ਮੈਂ ਰਿਕਾਰਡ ਠੀਕ ਕਰ ਦਿੰਦਾ ਹਾਂ। ਮੈਂ ਇਕ ਇਨਫਰਮੇਸ਼ਨ ਦਿੱਤੀ ਸੀ ਕਿ ਜਿਹੜਾ ਨਵਾਂ ਕਾਨੂੰਨ ਬਣੇਗਾ, ਉਸ ਨਾਲ ਪਿਛਲੇ ਸਾਰੇ ਮਾਮਲੇ ਹਨ, ਉਨ੍ਹਾਂ ਤੇ ਇਹ ਲਾਗੂ ਨਹੀਂ ਹੋਵੇਗਾ। ਮੈਂ ਇਹ ਨਹੀਂ ਕਿਹਾ ਕਿ ਲਾਗੂ ਕਰੋ। ਉਹ ਲਾਗੂ ਹੋ ਹੀ ਨਹੀਂ ਸਕਦਾ। ਮੈਂ ਇੰਨਾ ਪੜ੍ਹਿਆ-ਲਿਖਿਆ ਨਹੀਂ ਹਾਂ, ਜਿੰਨਾ ਇਹ ਹਨ। ਐਨੀ ਸਮਝ ਮੈਨੂੰ ਨਹੀਂ।

**ਮਾਣਯੋਗ ਸਪੀਕਰ:** ਠੀਕ ਹੈ। ਧੰਨਵਾਦ ਜੀ, taken on record.

**ਵਿੱਤ ਮੰਤਰੀ:** ਸਪੀਕਰ ਸਾਹਿਬ, ਠੀਕ ਹੈ ਜੀ, ਇਨ੍ਹਾਂ ਨੇ ਰਿਕਾਰਡ ਦਰੁਸਤ ਕਰਵਾ ਦਿੱਤਾ ਕਿਉਂਕਿ ਇਨ੍ਹਾਂ ਨੇ ਆਪ ਹੀ ਕਿਹਾ ਕਿ ਰਿਕਾਰਡ ਠੀਕ ਕਰਵਾ ਦਿਓ। ਸੋ, ਇਨ੍ਹਾਂ ਨੇ ਸਾਡੀ ਗੱਲ ਮੰਨ ਲਈ। ਸੋ, ਮੈਂ ਜਿੱਥੇ ਇਸ ਬਿਲ ਦਾ ਸਮਰਥਨ ਕਰਦਾ ਹਾਂ ਉੱਥੇ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਕਾਫ਼ੀ ਸੋਧਾਂ ਇਸ ਬਿਲ ਵਿਚ ਕੀਤੀਆਂ ਹਨ ਤਾਂ ਕਿ ਜਿਹੜਾ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਦੌਰ ਇਨ੍ਹਾਂ ਦੀਆਂ ਸਰਕਾਰਾਂ ਸਮੇਂ ਆਉਂਦਾ ਸੀ, ਉਹ ਦੌਰ ਹੁਣ ਖਤਮ ਹੋ ਗਿਆ ਹੈ। ਹੁਣ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਪੂਰੀ ਦੁਨੀਆ ਵਿਚ ਹੋਵੇਗਾ। ਪਹਿਲਾਂ ਹੀ ਗੁਰੂ ਸਾਹਿਬ ਦਾ ਬਹੁਤ ਵੱਡਾ ਸਤਿਕਾਰ ਹੈ। ਹੁਣ ਕੋਈ ਵੀ ਵਿਅਕਤੀ ਬੇਅਦਬੀ ਕਰਨ ਦੀ ਹਿੰਮਤ ਨਹੀਂ ਕਰੇਗਾ। ਇਸ ਬਿਲ ਦਾ ਨਾਮ ਵੀ ਇਸੇ ਕਰਕੇ ਰੱਖਿਆ ਹੈ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ। ਸੋ, ਮੈਂ ਇਸ ਬਿਲ ਦਾ ਸਮਰਥਨ ਕਰਦਾ ਹਾਂ। ਬਹੁਤ ਬਹੁਤ ਸ਼ੁਕਰੀਆ, ਧੰਨਵਾਦ।(ਥੰਪਿੰਗ)

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ) :** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੇਰੇ ਤੋਂ ਪਹਿਲਾਂ ਬਹੁਤ ਸਾਰੇ ਸਾਥੀਆਂ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ ਦੇ ਸਬੰਧ ਵਿਚ ਬਹੁਤ ਸਾਰੀਆਂ ਵਿਚਾਰਾਂ ਦਿੱਤੀਆਂ।

**1230/amandeep kaur**

ਸਪੀਕਰ ਸਾਹਿਬ, ਅਸਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਜਾਗਤ ਜੋਤ, ਗੁਰੂ ਨਾਨਕ ਸੱਚੇ ਪਾਤਸ਼ਾਹ, ਉਨ੍ਹਾਂ ਦੀ ਇਲਾਹੀ ਬਾਣੀ, ਗੁਰੂ ਦਸਮ ਪਾਤਸ਼ਾਹ ਨੇ ਗੁਰੂ ਦਰਜਾ ਦੇ ਕੇ ਸਾਨੂੰ ਇੱਕ ਹੁਕਮ ਕੀਤਾ ਕਿ ਇਸ ਦੀ ਰਜ਼ਾ ਵਿੱਚ ਰਹਿਣਾ ਹੈ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।।

ਸਪੀਕਰ ਸਾਹਿਬ, ਅੰਮ੍ਰਿਤ ਵੇਲੇ ਦੇ ਨਾਲ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਕਰਕੇ ਪਰਗਟ ਗੁਰਾਂ ਕੀ ਦੇਹ ਤੇ ਰਹਿਰਾਸ ਸਾਹਿਬ ਤੋਂ ਬਾਅਦ ਸੁਖ ਆਸਣ ਕੀਤਾ ਜਾਂਦਾ ਹੈ। ਸੰਗਤਾਂ ਉਦੋਂ ਬਹੁਤ ਹੀ ਅਦਬ ਨਾਲ ਸਤਿਕਾਰ ਨਾਲ ਉਸ ਸਮੇਂ ਉੱਥੇ ਹਾਜ਼ਰ ਹੁੰਦੀਆਂ ਹਨ। ਕਈ ਥਾਵਾਂ ਤੇ ਵਾਰ ਵਾਰ ਗੁਰੂ ਸਾਹਿਬ ਦਾ ਨਿਰਾਦਰ ਤੇ ਬੇਅਦਬੀ ਹੋਈ ਹੈ। ਜ਼ਿਕਰ ਹੋਇਆ 1986 ਦਾ, ਉਸ ਵੇਲੇ ਵੀ ਜਿਹੜੀ ਪੰਥਕ ਸਰਕਾਰ ਅਖਵਾਉਂਦੀ ਸੀ, ਉਸ ਵੇਲੇ ਹੋਇਆ, ਵੱਡਾ ਅਫਸੋਸ ਹੈ। ਉਸ ਤੋਂ ਬਾਅਦ ਉਸ ਤੇ ਕੋਈ ਕਾਰਵਾਈ ਨਾ ਹੋਣੀ, ਜਸਟਿਸ ਗੁਰਨਾਮ ਸਿੰਘ ਹੁਰਾਂ ਨੇ ਰਿਪੋਰਟ ਦੇਣੀ, ਰਿਪੋਰਟ ਨੂੰ ਨਾ ਮੰਨਿਆ ਜਾਣਾ, ਰਿਪੋਰਟ ਖੁਰਦ-ਬੁਰਦ ਕਰ ਦੇਣੀ। ਇਸ ਤੋਂ ਘਟੀਆ ਗੱਲ ਇਹ ਹੋ ਗਈ ਕਿ ਉਸ ਵਿੱਚ ਜਿਹੜੇ ਜ਼ਿੰਮੇਵਾਰ ਅਫਸਰ ਸਨ, ਡੀ.ਸੀ. ਦੇ ਰੂਪ ਵਿੱਚ ਦਰਬਾਰਾ ਸਿੰਘ ਗੁਰੂ ਅਤੇ ਐਸ.ਐਸ.ਪੀ. ਦੇ ਰੂਪ ਵਿੱਚ ਇਜ਼ਹਾਰ ਆਲਮ, ਜਿਸ ਨੂੰ ਅਕਾਲੀ ਦਲ ਨੇ ਬਾਅਦ ਵਿੱਚ ਟਿਕਟਾਂ ਦੇ ਕੇ ਮਾਣ-ਸਤਿਕਾਰ ਦੇ ਦਿੱਤਾ। ਜਿਵੇਂ ਬਾਦਲਾਂ ਦੀ ਸਰਕਾਰ, ਅਕਾਲੀ ਸਰਕਾਰ ਚੱਲਦੀ ਸੀ ਤਾਂ ਦਰਬਾਰਾ ਸਿੰਘ ਉਸ ਨੂੰ ਸਾਂਭਦੇ ਸਨ, ਫਿਰ ਨਿਆਂ ਵਰਗੀਆਂ ਗੱਲਾਂ ਆਪਾਂ ਕਿੱਥੇ ਦੇਖ ਸਕਦੇ ਹਾਂ, ਸੋਚ ਸਕਦੇ ਹਾਂ? ਜਦੋਂ 2015 ਵਿੱਚ ਬਰਗਾੜੀ, ਕੋਟਕਪੂਰਾ, ਬਹਿਬਲ ਕਲਾਂ, ਜਿੱਥੇ ਦਿਲ ਨੂੰ ਵਲੂੰਧਰਨ ਵਾਲੀਆਂ ਹਰਕਤਾਂ ਹੋਈਆਂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸਰੂਪ ਚੋਰੀ ਕਰਕੇ, ਅੰਗਾਂ ਦੀ ਬੇਅਦਬੀ ਕਰਕੇ ਗਲੀਆਂ ਵਿੱਚ ਖਿਲਾਰ ਕੇ ਬਾਅਦ ਵੀ ਚੈਲੰਜ ਕੀਤਾ ਗਿਆ ਅਤੇ ਸਮੇਂ ਦੀ ਸਰਕਾਰ ਵੱਲੋਂ ਉਸ ਤੇ ਧਿਆਨ ਨਾ ਦੇਣਾ। ਸੰਗਤਾਂ ਵੱਲੋਂ ਜਦੋਂ ਰੋਸ ਕਰਨਾ, ਰੋਸ ਦੇ ਵਿੱਚ ਜਦੋਂ ਇੱਕ ਵੀ.ਆਈ.ਪੀ. ਰੂਪ ਦੇ ਵਿੱਚ ਸਮੇਂ ਦੇ ਡਿਪਟੀ ਚੀਫ ਮਨਿਸਟਰ ਦੇ ਲੰਘਣ ਵਾਸਤੇ ਉਹ ਸੜਕਾਂ ਖਾਲੀ ਕਰਵਾਉਣ ਵਾਸਤੇ ਅੰਨਾ ਅੱਤਿਆਚਾਰ ਕਰਨਾ, ਗੋਲੀਆਂ ਚਲਾਉਣੀਆਂ। ਬਾਅਦ ਵਿੱਚ ਉਨ੍ਹਾਂ ਅਫਸਰਾਂ ਨੂੰ ਇਨਾਮ ਦੇ ਰੂਪ ਵਿੱਚ ਰੱਖਣਾ। ਜਿਵੇਂ ਕਿਹਾ ਗਿਆ ਹੈ ਕਿ ਅੱਜ ਉਹ ਲੋਕ ਅੱਜ ਬੇਲ ਤੇ ਹਨ। ਚਾਹੇ ਉਹ ਰਾਜਨੀਤਿਕ ਸਨ, ਚਾਹੇ ਉਹ ਮੁੱਖ ਮੰਤਰੀ ਦੇ ਅਹੁਦੇ ਤੇ ਰਹਿ ਚੁੱਕੇ ਸਨ, ਚਾਹੇ ਉਹ ਡਿਪਟੀ ਸੀ.ਐਮ ਦੇ ਅਹੁਦੇ ਤੇ ਰਹਿ ਚੁੱਕੇ ਸਨ, ਚਾਹੇ ਅਫਸਰਸ਼ਾਹੀ ਵਿੱਚ ਸਨ। ਇਹ ਜਿਹੜੀਆਂ ਵਾਰ ਵਾਰ ਘਟਨਾਵਾਂ ਹੁੰਦੀਆਂ ਸਨ ਇਹ ਸਾਰੀਆਂ ਹੀ ਬੜੀਆਂ ਦਰਦਨਾਕ ਸਨ ਜਿਸ ਨੂੰ ਬਰਦਾਸ਼ਤ ਕਰਨਾ, ਗੁਰੂ ਨਾਨਕ ਨਾਮ ਲੇਵਾ ਕਰੋੜਾਂ ਹੀ ਲੋਕ ਹਨ, ਇਕੱਲੇ ਸਿੱਖ ਹੀ ਨਹੀਂ ਹਨ, ਜਿਨ੍ਹਾਂ ਦੀ ਆਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਗਦੀ ਜੋਤ ਵਿੱਚ ਹੈ, ਉਨ੍ਹਾਂ ਨੂੰ ਵੀ ਠੇਸ ਪਹੁੰਚਦੀ ਹੈ। ਪਰ ਅੱਜ ਜੋ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਜਿਹੜਾ ਸਾਡਾ ਵੱਡਾ ਫਰਜ਼ ਵੀ ਬਣਦਾ ਸੀ ਕਿਉਂਕਿ ਜਦੋਂ ਪਹਿਲਾਂ ਸਜ਼ਾ ਬੜੀ ਨਾ ਮਾਤਰ

ਜਿਹੀ ਸੀ, ਉਸ ਦੀ ਕੋਈ ਪਰਵਾਹ ਨਹੀਂ ਕਰਦਾ ਸੀ। ਲੋਕ ਸੌਖੇ ਬਾਹਰ ਆ ਜਾਂਦੇ ਸਨ। ਅੱਜ ਜਿਵੇਂ 25 ਲੱਖ ਰੁਪਏ ਦਾ ਜ਼ੁਰਮਾਨਾ ਅਤੇ ਉਮਰ ਕੈਦ ਤੱਕ ਦੀ ਗੱਲ ਆਈ ਹੈ।

**1230/amandeep kaur/Monika sharma**

**1235/Tarlochan Singh**

ਜਿਹੜੇ ਲੋਕ ਆਪਣੇ ਆਪ ਨੂੰ ਸਮਝਦੇ ਸਨ ਕਿ ਕੋਈ ਗੱਲ ਨਹੀਂ, ਕੁਝ ਨਹੀਂ ਹੁੰਦਾ, ਹੁਣ ਉਨ੍ਹਾਂ ਦੇ ਮਨ ਵਿੱਚ ਭੈਅ ਜ਼ਰੂਰ ਹੋਵੇਗਾ। ਕਈ ਵਾਰੀ ਇਹ ਕਿਹਾ ਜਾਂਦਾ ਸੀ ਕਿ ਇਹ ਤਾਂ ਪਾਗਲ ਹੈ, ਇਹ ਮੰਦਬੁੱਧੀ ਹੈ, ਇਸ ਤੋਂ ਇਹ ਗੱਲ ਹੋ ਗਈ ਹੈ। ਅਜਿਹੀਆਂ ਗੱਲਾਂ ਤੇ ਵੀ ਧਿਆਨ ਰੱਖਣ ਲਈ ਕਿ ਉਨ੍ਹਾਂ ਦੇ ਵਾਰਸ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਹਾਲਤ ਵਿੱਚ ਕਿਉਂ ਛੱਡਦੇ ਹਨ, ਉਹ ਇਕੱਲੇ ਗੁਰੂ ਗਰੰਥ ਸਾਹਿਬ ਦੀ ਹੀ ਬੇਅਦਬੀ ਕਿਉਂ ਕਰਦੇ ਹਨ, ਉਹ ਇੰਨਾ ਵੱਡਾ ਘਿਨਾਉਣਾ ਕਾਰਨਾਮਾ ਕਿਉਂ ਕਰਦੇ ਹਨ? ਇਸ ਤੋਂ ਇਲਾਵਾ ਗੁਰੂ ਗਰੰਥ ਸਾਹਿਬ ਨਾਲ ਹੋਰ ਛੇੜਛਾੜ, ਚਾਹੇ ਡਿਜੀਟਲ ਰੂਪ ਵਿੱਚ ਹੋਵੇ, ਸੋਸ਼ਲ ਮੀਡੀਆ ਤੇ ਹੋਵੇ ਜਾਂ ਇੰਟਰਨੈੱਟ ਰਾਹੀਂ ਛੇੜਛਾੜ ਕਰਕੇ ਬੇਅਦਬੀ ਕਰਨ, ਜਿਸ ਨਾਲ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਠੇਸ ਪਹੁੰਚਦੀ ਹੈ। ਇਸ ਲਈ ਅੱਜ ਜੋ ਬਿਲ ਲਿਆਂਦਾ ਗਿਆ ਹੈ, ਮੈਂ ਇਸ ਦਾ ਸਮਰਥਨ ਕਰਦਾ ਹਾਂ ਅਤੇ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ਕਿਉਂਕਿ ਗੁਰੂ ਗਰੰਥ ਸਾਹਿਬ ਜੀ ਸਾਡੇ ਸਾਰਿਆਂ ਦੇ ਸਾਂਝੇ ਹਨ। ਵਾਰ-ਵਾਰ ਅਜਿਹੀਆਂ ਘਟਨਾਵਾਂ ਨਾ ਹੋਣ। ਸਿਰਫ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਨਹੀਂ ਹੁੰਦੀ ਸਗੋਂ ਅਮਨ ਕਾਨੂੰਨ ਨੂੰ ਵੀ ਖਤਰਾ ਹੋ ਜਾਂਦਾ ਹੈ, ਸ਼ਾਂਤੀ ਭੰਗ ਹੋ ਜਾਂਦੀ ਹੈ ਅਤੇ ਲੋਕਾਂ ਨੂੰ ਠੇਸ ਪਹੁੰਚਦੀ ਹੈ, ਹਾਲਾਤ ਖਰਾਬ ਹੋਣ ਤੱਕ ਨੌਬਤ ਆ ਜਾਂਦੀ ਹੈ। ਸੋ, ਮੈਂ ਇਸ ਬਿਲ ਦਾ ਪੂਰਨ ਸਮਰਥਨ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਹ ਕਾਨੂੰਨ ਪੰਜਾਬ ਵਿੱਚ ਇਨਸਾਫ, ਨਿਆਂ, ਅਮਨ-ਚੈਨ ਦਾ ਨਵਾਂ ਅਧਿਆਇ ਲਿਖੇਗਾ। ਮੈਂ ਸਾਰਿਆਂ ਦਾ ਫਿਰ ਤੋਂ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕੀ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਜਿਹੜਾ ਇਹ ਬਿਲ ਲਿਆਂਦਾ ਗਿਆ ਹੈ, ਜਿਵੇਂ ਲੀਡਰ ਆਫ ਆਪੋਜ਼ੀਸ਼ਨ ਨੇ ਸਮਰਥਨ ਕੀਤਾ ਹੈ, ਮੈਂ ਵੀ ਇਸ ਬਿਲ ਦਾ ਸਮਰਥਨ ਕਰਦਾ ਹਾਂ। ਇਹ ਇੱਕ ਅੱਛਾ ਕਦਮ ਹੈ ਜਿਸ ਨਾਲ ਲੋਕਾਂ ਦੇ ਮਨ ਵਿੱਚ ਭੈਅ ਆਵੇਗਾ ਕਿ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਰਕੇ ਕੋਈ ਬਚ ਨਹੀਂ ਸਕੇਗਾ। ਚਾਹੇ ਕਿ ਇਸ ਦਾ ਫਾਈਨਲ ਆਊਟਕਮ, ਇਸ ਦਾ ਕਾਨੂੰਨੀ ਪ੍ਰਕਿਰਿਆ ਵਿੱਚੋਂ ਲੰਘ ਕੇ, ਕਦੋਂ ਪ੍ਰਵਾਨਗੀ ਮਿਲੇਗੀ ਤੇ ਜਦੋਂ ਪ੍ਰਵਾਨਗੀ ਮਿਲੇਗੀ ਤਾਂ ਇਸ ਨੂੰ ਅਸੀਂ ਅੱਛਾ ਕਦਮ ਕਰਾਰ ਦੇਵਾਂਗੇ।

ਸਪੀਕਰ ਸਾਹਿਬ, ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਬੇਅਦਬੀਆਂ ਦੇ 5 ਕੇਸ ਪ੍ਰਮੁੱਖ ਹਨ। ਤਿੰਨ ਬੇਅਦਬੀਆਂ ਨਾਲ ਸਬੰਧਤ ਹਨ, ਇੱਕ ਬਹਿਬਲ ਕਲਾਂ ਗੋਲੀ ਕਾਂਡ ਹੈ ਅਤੇ ਇੱਕ ਕੋਟਕਪੂਰਾ ਗੋਲੀ ਕਾਂਡ ਬਾਰੇ ਹਨ। ਇਹ 5 ਦੇ 5 ਕੇਸਿਜ਼ ਪੰਜਾਬ ਤੋਂ ਬਾਹਰ ਟਰਾਂਸਫਰ ਕੀਤੇ ਜਾ ਚੁੱਕੇ ਹਨ। ਇੱਕ ਕੇਸ ਜਿਹੜਾ ਕਿ ਹੁਣ 10 ਅਪਰੈਲ ਨੂੰ

ਟਰਾਂਸਫਰ ਹੋਇਆ ਹੈ। ਉਸ ਤੋਂ ਪਹਿਲਾਂ ਜਿਹੜਾ ਕੇਸ ਟਰਾਂਸਫਰ ਹੋਇਆ ਸੀ, ਜਦੋਂ ਹਾਈ ਕੋਰਟ ਨੇ ਇਸ ਨੂੰ ਟਰਾਂਸਫਰ ਕੀਤਾ ਸੀ ਤਾਂ ਪੰਜਾਬ ਸਰਕਾਰ ਨੇ 8 ਮਹੀਨੇ ਬਾਅਦ ਉਸ ਸਬੰਧੀ ਅਪੀਲ ਕੀਤੀ ਸੀ, ਐਸ.ਐਲ.ਪੀ. ਪਾਈ ਸੀ। ਇੱਥੇ ਬਹਿਸ ਹੋ ਰਹੀ ਸੀ ਕਿ ਕੋਈ ਕ੍ਰਿਮੀਨਲ ਲਾਅ retrospectively ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਦਾ ਮਤਲਬ ਕਿ ਇਹ ਜਿਹੜਾ ਕਾਨੂੰਨ ਹੁਣ ਬਣਾ ਰਹੇ ਹਨ, ਇਹ for future ਹੈ। ਆਉਣ ਵਾਲੇ ਸਮੇਂ ਵਿੱਚ ਕੋਈ ਇਸ ਤਰ੍ਹਾਂ ਦੀ ਹਿਮਾਕਤ ਨਾ ਕਰੇ ਉਨ੍ਹਾਂ ਵਾਸਤੇ ਜ਼ਰੂਰ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਲੇਕਿਨ ਜਿਹੜੇ ਪਿਛਲੇ ਸਮੇਂ ਵਿੱਚ 2015 ਤੋਂ ਹੁਣ ਤੱਕ 11 ਸਾਲ ਹੋ ਗਏ ਹਨ, ਜਿਹੜੀਆਂ ਬੇਅਦਬੀਆਂ ਹੋਈਆਂ, ਦੋ ਸਿੱਖ ਨੌਜਵਾਨ ਮਾਰੇ ਗਏ, ਕੋਟਕਪੂਰਾ ਵਿੱਚ ਗੋਲੀ ਚੱਲੀ, ਉਨ੍ਹਾਂ ਕੇਸਾਂ ਦਾ ਸਟੇਟਸ ਜਿਉਂ ਦਾ ਤਿਉਂ ਹੈ। ਅਗਰ ਅਕਾਲੀ ਦਲ ਦੀ ਸਰਕਾਰ ਨੇ ਉਸ ਵਕਤ ਊਣਤਾਈਆਂ ਕੀਤੀਆਂ ਜਾਂ ਅਫ਼ਸਰਾਂ ਨੂੰ ਨਿਵਾਜਿਆ ਜਾਂ ਪ੍ਰੋਟੈਕਟ ਕੀਤਾ ਤਾਂ ਉਹ ਸਜ਼ਾ ਭੁਗਤ ਰਹੇ ਹਨ। ਅਗਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਉਸ ਵਿੱਚ ਕੋਈ ਊਣਤਾਈ ਦਿਖਾਈ, ਹਾਲਾਂਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਉਸ ਵੇਲੇ ਹੀ ਬਣਿਆ ਸੀ, ਉਸ ਦੀ voluminous ਰਿਪੋਰਟ ਇੱਥੇ ਹਾਊਸ ਵਿੱਚ ਰੱਖੀ ਗਈ ਅਤੇ ਉਸ ਰਿਪੋਰਟ ਦੇ ਹੀ ਆਧਾਰ ਤੇ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਨਾਂ ਪਹਿਲੀ ਵਾਰ ਇਨ੍ਹਾਂ ਪ੍ਰੋਸੀਡਿੰਗਜ਼ ਵਿੱਚ ਆਇਆ ਸੀ। ਉਨ੍ਹਾਂ ਨੂੰ ਅਲਟੀਮੇਟਲੀ ਬੇਲ ਸਕਿਉਰ ਕਰਨੀਆਂ ਪਈਆਂ ਸਨ। ਮੈਂ ਤੁਹਾਡੇ ਨਾਲ ਉਸ ਗੱਲ ਵਿੱਚ ਕਲੈਸ਼ ਵਿੱਚ ਨਹੀਂ ਪੈਣਾ ਚਾਹੁੰਦਾ ਪਰ 2017 ਤੋਂ 2022 ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ, ਬਹੁਤੇ ਦੋਸ਼ੀਆਂ ਨੂੰ ਉਦੋਂ ਹੀ ਬੇਲ ਲੈਣੀ ਪਈ ਸੀ। ਚਰਨਜੀਤ ਸ਼ਰਮਾ ਵੀ ਉਸੇ ਵੇਲੇ ਕਤਲ ਦੇ ਕੇਸ ਵਿੱਚ ਬੇਲ ਲੈ ਗਿਆ ਸੀ। ਸੋ, ਉਹ ਸਾਰੇ ਕੇਸਿਜ਼ ਅੱਜ ਵੀ ਪੈਂਡਿੰਗ ਹਨ। ਇਸ ਦੇ ਨਾਲ ਹੋਰ ਜੋੜ ਲਉ ਕਿ 597 ਬੇਅਦਬੀਆਂ ਦੇ ਕੇਸ਼ਿਜ਼ ਹਨ ਜਿਨ੍ਹਾਂ ਵਿੱਚ ਕੋਈ ਜਸਟਿਸ ਨਹੀਂ ਹੋਇਆ ਹੈ। ਇੱਕ ਹੋਰ ਇੰਪਾਰਟੈਂਟ ਗੱਲ ਹੈ ਕਿ ਜਿਵੇਂ ਨਿੱਝਰ ਸਾਹਿਬ ਨੇ Justice delayed is justice denied ਦਾ ਜ਼ਿਕਰ ਕੀਤਾ ਹੈ ਅਤੇ ਡੇਰਾ ਸੱਚਾ ਸੌਦਾ ਇੱਕ main culprit ਹੈ। ਉਹ ਬੇਅਦਬੀਆਂ ਦੇ ਕੇਸਾਂ ਵਿੱਚ main culprit ਹੈ। ਐਸ.ਐਸ.ਪੀ. ਫਰੀਦਕੋਟ ਨੇ ਉਸ ਦੀ ਪ੍ਰਾਸੀਕਿਊਸ਼ਨ ਸੈਂਕਸ਼ਨ ਲਈ 2022 ਵਿੱਚ ਲਿਖਿਆ ਅਤੇ ਸ਼ਾਇਦ 2025 ਵਿੱਚ, ਹੁਣ ਆ ਕੇ ਚੀਫ ਮਨਿਸਟਰ ਵੱਲੋਂ ਬਤੌਰ ਹੋਮ ਮਨਿਸਟਰ, ਤਿੰਨ-ਸਾਢੇ ਤਿੰਨ ਸਾਲ ਬਾਅਦ ਉਹ ਪ੍ਰਾਸੀਕਿਊਸ਼ਨ ਸੈਂਕਸ਼ਨ ਹੁਣ ਦਿੱਤੀ ਗਈ ਹੈ।

**1235/Tarlochan Singh/Monika sharma**

**1240/mehak**

ਔਰ ਪੰਜਾਬ ਸਰਕਾਰ ਨੇ ਇੱਕ ਦਿਨ ਵੀ ਡੇਰਾ ਸੱਚਾ ਸੌਦਾ ਦੇ ਮੁੱਖੀ ਨੂੰ production warrant ਤੇ ਲਿਆ ਕੇ interrogate ਕਰਨ ਦੀ ਤੇ ਰਿਮਾਂਡ ਲੈਣ ਦੀ ਬਿਲਕੁਲ ਕੋਈ ਕੋਸ਼ਿਸ਼ ਨਹੀਂ ਕੀਤੀ । ਸੋ, ਸਪੀਕਰ ਸਾਹਿਬ, ਹੋਇਆ ਕੀ ਹੈ ਕਿ ਕੁੱਲ ਮਿਲਾ ਕੇ ਆਪਾਂ ਅੱਗੇ ਤਾਂ ਪ੍ਰੀਵੈਨਸ਼ਨ ਕਰ ਰਹੇ ਹਾਂ ਜੋ ਕਿ ਬਹੁਤ ਅੱਛੀ ਗੱਲ ਹੈ ਲੇਕਿਨ ਮਗਰਲਿਆਂ ਦਾ ਇਨਸਾਫ ਤਾਂ ਜਿਉਂ ਦਾ ਤਿਉਂ ਹੀ ਲਟਕਿਆ ਹੈ। ਉਹ ਤਾਂ ਆਪਾਂ ਵੀ ਚਾਰ ਸਾਲਾਂ ਵਿੱਚ ਨਹੀਂ ਦੇ ਸਕੇ ਹਾਂ। ਬਾਜਵਾ ਸਾਹਿਬ ਨੇ ਜਿਸ ਤਰ੍ਹਾਂ ਕਿਹਾ ਹੈ, ਠੀਕ ਕਿਹਾ ਹੈ, ਰਿਕਾਰਡ ਤਾਂ ਟੈਂਪਰ ਨਹੀਂ ਹੋ ਸਕਦਾ ਹੈ। ਕੇਜਰੀਵਾਲ ਸਾਹਿਬ ਨੇ ਪਬਲਿਕ ਵਿਊ ਵਿੱਚ ਕਿਹਾ ਹੈ ਕਿ ਅਸੀਂ 24 ਘੰਟਿਆਂ ਵਿੱਚ ਇਨਸਾਫ ਦੇ ਦਿਆਂਗੇ ਕਿਉਂਕਿ ਹੁਣ ਅਸੀਂ ਕੁੰਵਰ ਵਿਜੈ ਪ੍ਰਤਾਪ ਸਿੰਘ

ਇੱਕ ਮੇਨ ਆਰਕੀਟੈਕਟ ਲੈ ਆਏ ਹਾਂ ਤੇ ਮੇਨ ਆਰਕੀਟੈਕਟ ਇੱਥੇ ਖੜ੍ਹ ਕੇ ਕਾਫੀ ਸ਼ੋਰ ਮਚਾਉਂਦਾ ਰਿਹਾ, ਬਾਹਰ ਵੀ ਸ਼ੋਰ ਮਚਾਉਂਦਾ ਰਿਹਾ ਕਿ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਵਚਨਬੱਧ ਹਾਂ ਤੇ ਆਪਾਂ ਇਨਸਾਫ ਦੇਣਾ ਹੈ ਲੇਕਿਨ ਉਹ ਵੀ ਉਸ ਵਿੱਚ ਕੋਈ ਇਨਸਾਫ ਦਿਵਾ ਨਹੀਂ ਸਕਿਆ ਔਰ ਉਸ ਨੂੰ ਅਲਟੀਮੇਟਲੀ ਪਾਰਟੀ ਤੋਂ ਸਸਪੈਂਡ ਕਰ ਦਿੱਤਾ ਗਿਆ ਜਾਂ ਕੱਢ ਦਿੱਤਾ ਗਿਆ। ਚਲੋ ਇਹ ਤਾਂ ਤੁਹਾਡਾ ਆਪਣਾ ਮੈਟਰ ਹੈ ਲੇਕਿਨ ਜਿਵੇਂ ਉਸ ਨੂੰ ਮੇਨ ਪ੍ਰੋਜੈਕਟ ਕੀਤਾ ਗਿਆ ਸੀ ਕਿਉਂਕਿ ਕੁੰਵਰ ਵਿਜੈ ਪ੍ਰਤਾਪ ਸਿੰਘ SIT ਦਾ ਮੁਖੀਆ ਰਿਹਾ ਸੀ ਤੇ ਇਸ ਨੂੰ ਸਾਰੇ ਤੱਥ ਪਤਾ ਹਨ ਤੇ ਇਹ ਜ਼ਰੂਰ ਕਰਵਾ ਕੇ ਦੇਵੇਗਾ। ਸਪੀਕਰ ਸਾਹਿਬ, ਇਹ ਜਿਹੜਾ ਨਵਾਂ ਕਾਨੂੰਨ ਹੈ, ਇਹ ਐਸ.ਜੀ.ਪੀ.ਸੀ. ਨਾਲ ਰਿਲੇਟਿਡ ਹੈ, ਪ੍ਰਿੰਟਿੰਗ, ਸੇਵਾ-ਸੰਭਾਲ ਆਦਿ। ਕੀ ਐਸ.ਜੀ.ਪੀ.ਸੀ. ਨਾਲ ਇਸ ਦਾ ਮਸ਼ਵਰਾ ਕੀਤਾ ਗਿਆ? ਮਾਸਟਰ ਤਾਰਾ ਸਿੰਘ ਔਰ ਪੰਡਿਤ ਜਵਾਹਰ ਲਾਲ ਨਹਿਰੂ ਦਾ ਬਕਾਇਦਾ ਸਮਝੌਤਾ ਆਨ ਰਿਕਾਰਡ ਹੈ ਕਿ ਸਰਕਾਰ ਸਿੱਖਾਂ ਦੇ ਕੋਈ ਵੀ ਅੰਦਰੂਨੀ ਧਾਰਮਿਕ ਮਾਮਲਿਆਂ ਵਿੱਚ ਮੁਦਾਖਲਤ ਨਹੀਂ ਕਰੇਗੀ। ਇਹ ਬਕਾਇਦਾ ਲਿਖਤੀ ਪੈਕਟ ਹੈ ਔਰ ਇਸ ਵਿੱਚ ਇਹੀ ਐਸ਼ੋਰੈਂਸ ਸੀ ਕਿ ਜਦੋਂ ਵੀ ਅਸੀਂ ਧਾਰਮਿਕ ਕਾਨੂੰਨ ਜਾਂ ਧਰਮ ਬਾਰੇ ਕੋਈ ਗੱਲ ਕਰਨੀ ਹੋਵੇਗੀ ਤਾਂ ਅਸੀਂ ਐਸ.ਜੀ.ਪੀ.ਸੀ. ਨੂੰ ਕੰਸਲਟ ਜ਼ਰੂਰ ਕਰਾਂਗੇ। ਕੀ ਇਸ ਸਰਕਾਰ ਨੇ ਐਸ.ਜੀ.ਪੀ.ਸੀ. ਨਾਲ ਕੰਸਲਟੇਸ਼ਨ ਦਾ ਪ੍ਰੋਸੈਸ ਕੀਤਾ? ਕਿਉਂਕਿ ਹੁਣ ਸਾਰਾ onus ਐਸ.ਜੀ.ਪੀ.ਸੀ. ਤੇ ਆ ਗਿਆ ਹੈ ਔਰ ਹੋਣਾ ਵੀ ਚਾਹੀਦਾ ਹੈ। ਡਿਜ਼ੀਟਲ ਪ੍ਰਿੰਟਿੰਗ ਔਰ ਹਾਰਡ ਕਾਪੀਆਂ ਦਾ ਮੇਨਟੇਨੈਂਸ ਔਰ ਉਸ ਦਾ ਰਿਕਾਰਡ ਤੇ ਸਭ ਕੁਝ ਉਨ੍ਹਾਂ ਤੇ ਆ ਗਿਆ ਹੈ ਪਰ ਮੇਰਾ ਖਿਆਲ ਹੈ ਕਿ ਕਿਸੇ ਨੇ ਐਸ.ਜੀ.ਪੀ.ਸੀ. ਨਾਲ ਕੰਸਲਟ ਨਹੀਂ ਕੀਤਾ ਹੋਣਾ ਹੈ। ਠੀਕ ਹੈ ਕਿ ਧਾਰਮਿਕ ਸੰਸਥਾਵਾਂ ਦੇ ਮਹਾਂਪੁਰਸ਼ ਬੈਠੇ ਹਨ, ਇਨ੍ਹਾਂ ਨਾਲ ਸੰਪਰਕ ਕੀਤਾ ਗਿਆ ਤੇ ਇਨ੍ਹਾਂ ਨਾਲ ਗੱਲ ਕੀਤੀ ਗਈ ਲੇਕਿਨ ਐਸ.ਜੀ.ਪੀ.ਸੀ. ਇੱਕ Constitutional Act ਰਾਹੀਂ ਇਲੈਕਟਿਡ ਬਾਡੀ ਹੈ ਤੇ ਉਸ ਇਲੈਕਟਿਡ ਬਾਡੀ ਨਾਲ ਸੰਪਰਕ ਨਹੀਂ ਕੀਤਾ ਗਿਆ ਤੇ ਉਨ੍ਹਾਂ ਦੀ ਰਾਏ ਨਹੀਂ ਲਈ ਗਈ। ਇਹ ਇੱਕ ਓਬਜੈਕਸ਼ਨੇਬਲ ਪਾਰਟ ਹੈ, ਹਾਲੇ ਵੀ ਰਾਏ ਲੈ ਲੈਣੀ ਚਾਹੀਦੀ ਹੈ। ਜਿਹੜਾ ਬਾਜਵਾ ਸਾਹਿਬ ਨੇ ਕਿਹਾ ਕਿ ਵਿਧਾਨ ਸਭਾ ਦੀ ਕਮੇਟੀ ਨੂੰ ਰੈਫਰ ਕੀਤਾ ਸੀ, it was not only about Justice Gurnam Singh Commission, it was also about the same law. ਲਾਅ ਦੀਆਂ ਬਿਲਕੁਲ ਇਹੀ ਪ੍ਰੋਵੀਜ਼ਨਸ enhancement of punishment, sentence ਉਸੇ ਬਿਲ ਵਿੱਚ ਸੀ ਔਰ ਇਹ ਵਿਧਾਨ ਸਭਾ ਦਾ ਚੌਥਾ ਅਟੈਂਪਟ ਹੈ। ਇੱਕ ਵਾਰ ਸ਼੍ਰੋਮਣੀ ਅਕਾਲੀ ਦਲ ਦਾ, ਫਿਰ ਕੈਪਟਨ ਅਮਰਿੰਦਰ ਸਿੰਘ ਦਾ, ਫਿਰ ਆਮ ਆਦਮੀ ਪਾਰਟੀ ਦਾ 2025 ਵਿੱਚ ਅਤੇ 2026 ਵਿੱਚ ਇਹ ਚੌਥਾ ਅਟੈਂਪਟ ਹੈ। ਐਕਟ ਤੁਸੀਂ ਠੀਕ ਚੁਣਿਆ ਹੈ। 2008 ਦਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਬਿਲਕੁਲ ਠੀਕ ਚੁਣਿਆ ਹੈ ਲੇਕਿਨ ਜਦੋਂ ਤੁਸੀਂ punishment enhancement ਕਰੋਗੇ, sentence enhancement ਕਰੋਗੇ ਤਾਂ ਦੋ ਸਾਲ ਤੋਂ ਅੱਗੇ ਦਸ ਸਾਲ ਤੇ ਉਸ ਵਿੱਚ ਜ਼ੁਰਮਾਨੇ ਦੀ enhancement ਕਰੋਗੇ ਜਾਂ ਉਮਰ ਕੈਦ ਕਰੋਗੇ ਤਾਂ ਇਹ ਦੁਬਾਰਾ ਫਿਰ conflict ਵਿੱਚ ਆਵੇਗਾ with IPC and CRPC. ਉਸ ਵਾਸਤੇ ਇੱਕ ਵਾਰ ਫਿਰ ਲੀਗਲ ਓਪੀਨੀਅਨ ਲੈ ਲੈਣਾ ਚਾਹੀਦਾ ਹੈ, this Bill may have to be referred to the Ministry of Home Affairs and Justice to the Government of India and it might meet the same fate like the previous three Bills. ਸੋ, ਇਸ ਕਰਕੇ ਹਾਲੇ ਵੀ ਇਹ ਸਮਾਂ ਹੈ ਕਿ ਜੇ ਇਸ ਬਿਲ ਨੂੰ ਪਾਸ ਕਰਵਾਓ ਔਰ ਤੁਸੀਂ ਕਹਿੰਦੇ ਹੋ ਕਿ ਸਾਡੇ ਐਡਵੋਕੇਟ ਜਨਰਲ ਤੇ ਸਾਡੇ ਕੰਸਟੀਚਿਊਸ਼ਨਲ ਮਾਹਿਰਾਂ ਨੇ ਕੀਤਾ ਹੈ, ਬਹੁਤ

ਚੰਗੀ ਗੱਲ ਹੈ, ਸਾਡੀ ਅਰਦਾਸ ਹੈ, ਸਾਡੀ ਕਾਮਨਾ ਹੈ ਕਿ ਬਿਲ ਕਾਮਯਾਬ ਹੋਵੇ ਪਰ ਸਪੀਕਰ ਸਾਹਿਬ ਮਗਰਲਿਆਂ ਦੇ ਇਨਸਾਫ ਬਾਰੇ ਤੁਸੀਂ ਜ਼ਰੂਰ ਦੱਸੋ।

**ਮਾਣਯੋਗ ਸਪੀਕਰ**: Thank you ji.

**ਸਰਦਾਰ ਸੁਖਪਾਲ ਸਿੰਘ ਖਹਿਰਾ**: ਤੁਸੀਂ ਇਹ ਕਹਿ ਦਿੱਤਾ ਕਿ ਮੈਂ ਅਰਦਾਸ ਕੀਤੀ ਸੀ, ਮੈਂ ਆਪਣਾ ਕੰਮ ਪੂਰਾ ਕਰ ਦਿੱਤਾ, ਮੈਂ ਚਲਾਨ ਪੇਸ਼ ਕਰਵਾ ਦਿੱਤਾ ਹੈ, ਇਹ ਇਨਸਾਫ ਕਾਫੀ ਨਹੀਂ ਹੈ ਜੀ।

**ਮਾਣਯੋਗ ਸਪੀਕਰ**: ਹੋਰ ਕੀ ਅਦਾਲਤ ਵਾਲਾ ਕੰਮ ਸਰਕਾਰ ਨੇ ਕਰਨਾ ਹੁੰਦਾ ਹੈ?

**Sardar Sukhpal Singh Khaira**: Yes, Justice has to be served.

**Mr. Speaker**: By the Government or by the Court?

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਇੱਕ ਮਿੰਟ ਜੀ। ਸਪੀਕਰ ਸਾਹਿਬ, ਆਪਣਾ ਵਾਅਦਾ ਕੀ ਸੀ?

**ਮਾਣਯੋਗ ਸਪੀਕਰ**: ਜੋ ਮੇਰਾ ਵਾਅਦਾ ਸੀ, I know.

**ਸਰਦਾਰ ਸੁਖਪਾਲ ਸਿੰਘ ਖਹਿਰਾ**: ਕੇਜਰੀਵਾਲ ਸਾਹਿਬ ਦਾ ਕੀ ਵਾਅਦਾ ਸੀ ਕਿ ਮੈਂ ਇਨਸਾਫ ਦਿਆਂਗਾ, ਬੇਅਦਬੀਆਂ ਤੇ ਬਹਿਬਲ ਕਲਾਂ ਦਾ। ਕੀ ਉਨ੍ਹਾਂ ਨੂੰ ਉਦੋਂ ਨਹੀਂ ਪਤਾ ਸੀ ਕਿ ਅਦਾਲਤਾਂ ਨੇ ਇਨਸਾਫ ਦੇਣਾ ਹੈ। ਇਹ ਪੁੱਠਾ ਪਾਸਾ ਨਹੀਂ ਹੈ, ਇਹ ਸਿੱਧਾ ਪਾਸਾ ਹੀ ਹੈ।

**ਮਾਣਯੋਗ ਸਪੀਕਰ**: ਕਮਾਲ ਦੀ ਗੱਲ ਹੈ। ਤੁਹਾਡੀ ਗੱਲ ਆ ਗਈ ਹੈ ਜੀ, ਹੁਣ ਬੈਠੋ, ਖਹਿਰਾ ਸਾਹਿਬ, ਬੈਠੋ, ਬੈਠੋ। ਤੁਸੀਂ ਕਾਨੂੰਨ ਬਾਰੇ ਬੋਲ ਲਏ ਹੋ, thank you.

**ਸਰਦਾਰ ਸੁਖਪਾਲ ਸਿੰਘ ਖਹਿਰਾ**: ਤੁਹਾਡਾ ਧੰਨਵਾਦ ਤਾਂ ਕਰ ਲੈਣ ਦਿਓ। ਤੁਸੀਂ ਬੜੇ ਸਮੇਂ ਬਾਅਦ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

**ਮਾਣਯੋਗ ਸਪੀਕਰ**: ਹੋ ਗਿਆ ਜੀ। ਦੇਖੋ ਜੀ, ਅਸੀਂ ਤਾਂ ਹਮੇਸ਼ਾ ਸਮਾਂ ਦੇਣ ਵਾਸਤੇ ਬੈਠੇ ਹਾਂ। ਮੇਰੇ ਵਾਸਤੇ ਇਹ ਗੁਰੂ ਸਾਹਿਬ ਦੀ ਲਾਈ ਹੋਈ ਸੇਵਾ ਹੈ। ਮੈਂ ਕਦੇ ਵੀ ਇਸ ਸੇਵਾ ਵਿੱਚ ਇਹ ਨਹੀਂ ਦੇਖਿਆ ਹੈ ਕਿ ਫਲਾਣੇ ਨੂੰ ਸਮਾਂ ਦੇਣਾ ਹੈ ਜਾਂ ਨਹੀਂ ਦੇਣਾ ਹੈ।

**1240/mehak/Shubham jain**

**1245/Sukhpiar Singh**

ਪਲੀਜ਼ ਬੈਠੋ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਧੰਨਵਾਦ ਤਾਂ ਕਰ ਲੈਣ ਦਿਉ।

**ਮਾਣਯੋਗ ਸਪੀਕਰ:** ਹੋ ਗਿਆ ਜੀ। ਤੁਹਾਡੀ ਗੱਲ ਆ ਗਈ ਹੈ। ਤੁਸੀਂ ਬੋਲਣ ਲੱਗੇ ਹੀ ਧੰਨਵਾਦ ਕਰ ਦਿੱਤਾ ਜੀ। ਮੈਂ ਇੱਕ ਵਾਰੀ ਫਿਰ ਕਲੈਰੀਫਾਈ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਇਹ ਵੱਡੇ ਵੱਡੇ ਲੋਕਾਂ ਦੇ ਨਾਮ ਲਏ ਸੀ ਕਿ ਬੇਲ ਤੇ ਹਨ, ਉਹ ਗੁਰੂ ਸਾਹਿਬ ਨੇ, ਅਕਾਲ ਪੁਰਖ ਨੇ ਕ੍ਰਿਪਾ ਕੀਤੀ ਸੀ, ਮਾਨ ਸਰਕਾਰ ਤੇ, ਪੰਜਾਬ ਸਰਕਾਰ ਤੇ, ਉਹ ਚਲਾਨ ਪੇਸ਼ ਹੋਇਆ ਤਾਂ ਉਹ ਬੇਲ ਤੇ ਗਏ ਹਨ, ਉਹ ਜਸਟਿਸ ਜ਼ੋਰਾ ਸਿੰਘ ਦੀ ਰਿਪੋਰਟ ਨੇ ਨਹੀਂ ਉਨ੍ਹਾਂ ਨੂੰ ਬੇਲ ਲੈਣ ਤੇ ਮਜਬੂਰ ਕੀਤਾ ਸੀ, ਉਹ ਚਲਾਨ ਪੇਸ਼ ਕਰਨ ਤੋਂ ਬਾਅਦ ਹੋਇਆ ਸੀ ਔਰ ਉਹ ਪੇਸ਼ ਉਦੋਂ ਹੋਇਆ ਸੀ, ਜਦੋਂ ਦਾਸ ਨੂੰ ਪੰਜਾਬ ਸਰਕਾਰ ਵੱਲੋਂ ਬਹਿਬਲ ਕਲਾਂ ਵਿਖੇ ਭੇਜਿਆ ਗਿਆ ਸੀ। ਠੀਕ ਹੈ, ਡੇਢ ਮਹੀਨਾ ਨਹੀਂ ਹੋਇਆ, ਡੇਢ ਮਹੀਨਾ ਵੱਧ ਲੱਗ ਗਿਆ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸਿਰਫ ਤੇ ਸਿਰਫ ਇਨਵੈਸਟੀਗੇਸ਼ਨ ਨੂੰ ਖਰਾਬ ਕੀਤਾ, ਕੋਈ ਵੀ ਉਸ ਨੂੰ ਜਸਟਿਸ ਵਾਲੇ ਪਾਸੇ ਲੈ ਕੇ ਹੀ ਨਹੀਂ ਗਏ। ਸੋ, ਹੱਥ ਜੋੜ ਕੇ ਬੇਨਤੀ ਹੈ ਕਿ ਅਸੀਂ ਅੱਜ ਦੇ ਇਸ ਕਾਨੂੰਨ ਨੂੰ ਪਾਸ ਕਰਵਾਈਏ। ਮੈਂ ਹੁਣ ਸਰਦਾਰ ਮਨਵਿੰਦਰ ਸਿੰਘ ਜੀ ਗਿਆਸਪੁਰਾ ਸਾਹਿਬ ਨੂੰ ਬੇਨਤੀ ਕਰਦਾ ਹਾਂ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਅੱਜ ਤੁਸੀਂ ਮੈਨੂੰ ਬਹੁਤ ਹੀ ਅਹਿਮ ਬਿਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਤੇ ਬੋਲਣ ਦਾ ਸਮਾਂ ਦਿੱਤਾ ਹੈ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।।*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਕੌਮ ਦੀ ਆਤਮਾ, ਸਾਡੀ ਅਸਥਾ ਦਾ ਕੇਂਦਰ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਸਖਤ ਕਾਨੂੰਨ ਅੱਜ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਬਣਾ ਕੇ ਇੱਕ ਐਸਾ ਕਦਮ ਚੁੱਕਿਆ ਹੈ ਜਿਸ ਦੇ ਨਾਲ ਦੇਸ਼ ਦੁਨੀਆਂ ਵਿੱਚ ਬੈਠੇ ਕਰੋੜਾਂ ਸਿੱਖਾਂ ਦੀ ਆਤਮਾਂ ਦੀ ਆਵਾਜ਼ ਸੀ, ਜਿਨ੍ਹਾਂ ਦੇ ਮਨ ਦੀ ਆਵਾਜ਼ ਸੀ, ਜਿਨ੍ਹਾਂ ਦਾ ਇੱਕ ਦਰਦ ਸੀ ਕਿ ਐਸਾ ਕਾਨੂੰਨ ਬਣੇ, ਅੱਜ ਅਸੀਂ ਤੇ ਤੁਸੀਂ ਉਹ ਕਾਨੂੰਨ ਬਣਾ ਕੇ ਉਸ ਦਰਦ ਉੱਤੇ ਮੈਂ ਸਮਝਦਾ ਹਾਂ ਕਿ ਇੱਕ ਮਲ੍ਹਮ ਲਗਾਈ ਹੈ। ਇਹ ਇਨਸਾਫ ਦੀ ਆਵਾਜ਼ ਜਿਹੜੀ ਅੱਜ ਤੁਸੀਂ ਇਸ ਪਵਿੱਤਰ ਸਦਨ ਵਿੱਚ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਲਗਾਈ ਹੈ, ਇਹ ਮੈਨੂੰ ਲਗਦਾ ਹੈ ਕਿ ਇਹ ਗੱਲ ਦਹਾਕਿਆਂ ਤੱਕ ਯਾਦ ਰੱਖੀ ਜਾਵੇਗੀ। ਸਪੀਕਰ ਸਾਹਿਬ, ਸਿੱਖ ਇਤਿਹਾਸ ਸਾਡੀ ਰੂਹ ਦਾ ਹਿੱਸਾ ਹੈ। ਜਦੋਂ ਵੀ ਸਾਡੀ ਆਸਥਾ ਦੀ ਗੱਲ ਆਈ ਹੈ ਤਾਂ ਸਿੱਖ ਕੌਮ ਨੇ ਜਾਨਾਂ ਦਿੱਤੀਆਂ ਪਰ ਸਿਰ ਨਹੀਂ ਝੁਕਾਇਆ। ਅਸੀਂ ਯਾਦ ਕਰੀਏ, ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ, ਤੱਤੀ ਤਵੀ ਤੇ ਬੈਠ ਕੇ ਤੇਰਾ ਭਾਣਾ ਮਿੱਠਾ ਲਾਗੇ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਦਿੱਤੀ, ਕੌਮ ਦੀ ਚੜ੍ਹਦੀਕਲਾ ਲਈ ਪਰ ਆਪਣੀ ਕੌਮ

ਉੱਤੋਂ ਅਤੇ ਆਪਣੇ ਧਰਮ ਉੱਤੋਂ ਤੱਸ ਤੋਂ ਮੱਸ ਨਹੀਂ ਹੋਏ ਪਰ ਦੁੱਖ ਦੀ ਗੱਲ ਹੈ ਕਿ ਪਿਛਲੇ ਸਮੇਂ ਵਿੱਚ ਬੇਅਦਬੀ ਦੀਆਂ ਘਟਨਾਵਾਂ ਹੋਈਆਂ। ਇਹ ਬੇਅਦਬੀ ਦੀਆਂ ਘਟਨਾਵਾਂ 1986 ਤੋਂ ਸ਼ੁਰੂ ਹੋਈਆਂ।

हम से पहले भी कई मुसाफिर गुज़रे होंगे,

कम से कम रास्ते के पत्थरों को हटाकर जाते।

ਸਪੀਕਰ ਸਾਹਿਬ, ਜਿਹੜੇ ਅੱਜ ਬੇਅਦਬੀ ਦੀਆਂ ਗੱਲਾਂ ਕਰ ਰਹੇ ਹਨ, ਜਿਹੜੇ ਅੱਜ ਇਨਸਾਫ ਦੀਆਂ ਗੱਲਾਂ ਕਰ ਰਹੇ ਹਨ, ਮੈਨੂੰ ਨਹੀਂ ਲਗਦਾ ਕਿ ਇਨ੍ਹਾਂ ਨੂੰ ਅੱਜ ਕੋਈ ਬੋਲਣ ਦਾ ਹੱਕ ਹੈ। ਸਪੀਕਰ ਸਾਹਿਬ, ਉਹ ਪਰਮ ਪਿਤਾ ਪ੍ਰਮਾਤਮਾ ਅਕਾਲ ਪੁਰਖ ਜਾਣੀ ਜਾਣ ਹੈ ਕਿ ਕਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਵਾਈ ਅਤੇ ਬੇਅਦਬੀ ਕਰਵਾਉਣ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਦੇ ਸਾਹਮਣੇ ਖੜ੍ਹੇ ਹੋ ਕੇ ਮੰਨ ਕੇ ਫਿਰ ਮੁੱਕਰ ਜਾਣਾ, ਇਹ ਮੈਨੂੰ ਲੱਗਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਪਵਿੱਤਰ ਜਗ੍ਹਾ ਦੀ ਜਿਹੜੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਾਨੂੰ ਮੀਰੀ-ਪੀਰੀ ਦਾ ਸਿਧਾਂਤ ਦਿੱਤਾ ਸੀ, ਉਸ ਦੀ ਸਭ ਤੋਂ ਵੱਡੀ ਤੌਹੀਨ ਹੈ। ਮਾਣਯੋਗ ਸਪੀਕਰ ਸਾਹਿਬ, ਤੌਹੀਨ ਉਨ੍ਹਾਂ ਲੋਕਾਂ ਲਈ ਵੀ ਹੈ ਜਿਨ੍ਹਾਂ ਨੇ ਪੰਜ ਸਾਲ ਰਾਜਭਾਗ ਭੋਗਿਆ, ਬੜੇ ਦੁੱਖ ਦੇ ਨਾਲ ਮੇਰੇ ਸਾਹਮਣੇ ਜਦੋਂ ਉਹ ਬਹਿਬਲ ਕਲਾਂ ਗੋਲੀ ਕਾਂਡ ਹੋਇਆ ਅਤੇ ਅਸੀਂ ਵੀ ਉੱਥੇ ਧਰਨੇ ਤੇ ਬੈਠੇ ਸੀ, ਸਾਰੀਆਂ ਗੱਲਾਂ ਸਾਡੇ ਸਾਹਮਣੇ ਹੋਈਆਂ। ਮਾਣਯੋਗ ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੇ ਪੰਜ ਸਾਲ ਸਿਰਫ ਰਾਜਨੀਤੀ ਕੀਤੀ, ਸੱਤਾ ਦੇ ਸੁੱਖ ਭੋਗੇ ਪਰ ਕਿਸੇ ਨੇ ਵੀ ਇਨਸਾਫ ਦੇਣ ਲਈ ਇੱਕ ਕਦਮ ਨਹੀਂ ਪੁੱਟਿਆ।

मैं जब भी झूठ की बस्ती में सच को तौलता हूँ,

मुझे यह डर है कि बाज़ार कहीं जल न जाए।

**1245/Sukhpiar Singh/Shubham jain**

**1250/Manika Rani**

ਮਾਣਯੋਗ ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਅੱਜ ਦਾ ਦਿਨ ਬਹੁਤ ਵੱਡਾ ਇਤਿਹਾਸਕ ਦਿਨ ਹੈ। ਅੱਜ ਵਿਸਾਖੀ ਦਾ ਪਵਿੱਤਰ ਦਿਹਾੜਾ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੀ ਸਥਾਪਨਾ ਕਰਕੇ ਅੱਜ ਸਾਨੂੰ ਝੂਠ ਦੇ ਖਿਲਾਫ ਤਲਵਾਰ ਚੁੱਕਣ ਦਾ ਬਲ ਬਖਸ਼ਿਆ ਸੀ। ਅੱਜ ਇਸ ਪਵਿੱਤਰ ਦਿਹਾੜੇ ਉੱਤੇ ਇਹ ਪਵਿੱਤਰ ਬਿਲ ਲੈ ਕੇ ਆਉਣਾ, ਮੈਨੂੰ ਲਗਦਾ ਹੈ ਕਿ ਇਹ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਹਿੰਮਤ, ਦਲੇਰੀ ਅਤੇ ਸੱਚੇ ਲੀਡਰ ਦੀ ਪਹਿਚਾਣ ਹੈ। ਇਸ ਫੈਸਲੇ ਨੂੰ ਕੁਝ ਲੋਕ ਰਾਜਨੀਤੀ ਕਹਿਣਗੇ ਪਰ ਇਹ ਰਾਜਨੀਤੀ ਨਹੀਂ ਹੈ। ਇਹ ਸੱਚਾਈ ਅਤੇ ਇਮਾਨਦਾਰੀ ਦਾ ਸਬੂਤ ਹੈ। ਇਹ ਲੋਕਾਂ ਦੇ ਵਿਸ਼ਵਾਸ ਨੂੰ ਕਾਇਮ ਰੱਖਣ ਦਾ ਬਹੁਤ ਵੱਡਾ ਫੈਸਲਾ ਹੈ ਔਰ ਇਸ ਫੈਸਲੇ ਨੇ ਸਾਬਿਤ ਕਰ ਦਿੱਤਾ ਹੈ ਕਿ ਮਾਣਯੋਗ ਮੁੱਖ ਮੰਤਰੀ ਸਾਹਿਬ ਜਜ਼ਬਾਤਾਂ ਦੀ ਕਦਰ ਕਰਦੇ ਹਨ। ਮਾਣਯੋਗ ਸਪੀਕਰ ਸਾਹਿਬ,

ਕੁਝ ਲੋਕ ਕੁਝ ਸਮਾਂ ਪਹਿਲਾਂ ਬਹੁਤ ਵੱਡੀਆਂ-ਵੱਡੀਆਂ ਟਾਹਰਾਂ ਮਾਰ ਕੇ ਕਹਿੰਦੇ ਸੀ ਕਿ ਬੇਅਦਬੀ ਦਾ ਕਾਨੂੰਨ ਬਣੇ। ਉਨ੍ਹਾਂ ਨੂੰ ਇਹ ਸੀ ਕਿ ਇਨ੍ਹਾਂ ਨੇ ਕਾਨੂੰਨ ਨਹੀਂ ਬਣਾਉਣਾ ਹੈ ਪਰ ਜਦੋਂ ਕਾਨੂੰਨ ਬਣਾਉਣ ਦੀ ਗੱਲ ਆਈ ਅਤੇ ਤੁਸੀਂ ਉਥੇ ਜਾ ਕੇ ਕਾਨੂੰਨ ਬਣਾਉਣ ਦੀ ਗੱਲ ਕੀਤੀ ਤਾਂ ਉਨ੍ਹਾਂ ਦੇ ਤੇਵਰ ਬਦਲ ਗਏ। ਸਪੀਕਰ ਸਾਹਿਬ, ਤੇਵਰ ਐਸੇ ਬਦਲੇ ਕਿ ਉਨ੍ਹਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਇਸ ਕਾਨੂੰਨ ਨੂੰ ਨਹੀਂ ਮੰਨਾਂਗੇ, ਸਾਡੇ ਮੁਤਾਬਿਕ ਬਣਾਉ। ਭੋਲਿਓ, ਜਿਹੜੇ ਗੁਰੂ ਸਾਹਿਬ ਦੀ ਬੇਅਦਬੀ ਬਾਰੇ ਕਾਨੂੰਨ ਬਣ ਰਹੇ ਹਨ, ਕੀ ਤੁਸੀਂ ਉਸ ਉੱਤੇ ਵੀ ਰਾਜਨੀਤੀ ਕਰੋਗੇ? ਸ਼ਰਮ ਨਾਲ ਤੁਹਾਨੂੰ ਡੁੱਬ ਕੇ ਮਰ ਜਾਣਾ ਚਾਹੀਦਾ ਹੈ। ਅੱਜ ਜਿਹੜੇ ਗੱਲਾਂ ਕਰਦੇ ਹਨ, ਇਹ ਕਾਨੂੰਨ ਰਾਸ਼ਟਰਪਤੀ ਕੋਲ ਮਨਜ਼ੂਰੀ ਲਈ ਜਾਵੇਗਾ, ਮੈਂ ਉਨ੍ਹਾਂ ਲੋਕਾਂ ਨੂੰ ਦੋਵੇਂ ਹੱਥ ਜੋੜ ਕੇ ਕਹਿਣਾ ਚਾਹੁੰਦਾ ਹਾਂ ਕਿ ਭਾਈ ਸਾਹਿਬ, ਇਹ ਸ਼ੰਸੋਧਨਾ ਬਿਲ ਹੈ, ਰਾਸ਼ਟਰਪਤੀ ਕੋਲ ਜਾਣ ਦੀ ਲੋੜ ਨਹੀਂ ਹੈ। ਕਿਉਂ ਤੁਸੀਂ ਲੋਕਾਂ ਨੂੰ ਮੂਰਖ ਬਣਾ ਰਹੇ ਹੋ, ਇਸ ਵਿੱਚ ਸਿਰਫ ਤੇ ਸਿਰਫ ਗੁਰੂ ਗ੍ਰੰਥ ਸਾਹਿਬ, ਜਿਨ੍ਹਾਂ ਨੂੰ ਅਸੀਂ ਸਾਰੇ ਗੁਰੂ ਮੰਨਦੇ ਹਾਂ, ਜਿਨ੍ਹਾਂ ਨੂੰ ਅਸੀਂ ਸਰੂਪ ਮੰਨਦੇ ਹਾਂ, ਇਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰੂਪ ਦਾ ਦਰਜਾ ਦਿੱਤਾ ਗਿਆ ਹੈ ਕਿਉਂਕਿ ਇਹੀ ਸਾਡੀ ਸਾਰੇ ਸਿੱਖਾਂ ਦੀ ਮੰਗ ਸੀ। ਇਹੀ ਸਾਡੀ ਭਾਵਨਾ ਸੀ ਔਰ ਇਸ ਸੱਚੀ-ਸੁੱਚੀ ਭਾਵਨਾ ਨੂੰ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਨੇ ਪੂਰਾ ਕੀਤਾ ਹੈ। ਕੁਝ ਲੋਕ ਜਿਹੜੇ ਬੇਅਦਬੀ ਕਰਦੇ ਸਨ, ਉਨ੍ਹਾਂ ਨੂੰ ਪਾਗਲ ਕਹਿ ਕੇ ਛੱਡ ਦਿੱਤਾ ਜਾਂਦਾ ਸੀ ਪਰ ਹੁਣ ਉਸ ਕਸਟੋਡੀਅਨ ਨੂੰ ਵੀ ਉਨੀ ਹੀ ਸਜ਼ਾ ਮਿਲੇਗੀ ਔਰ ਉਸ ਕਸਟੋਡੀਅਨ ਨੂੰ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦਾ ਭਾਰੀ ਜੁਰਮਾਨਾ ਵੀ ਲੱਗੇਗਾ। ਇਸ ਬਿਲ ਦੀ ਖਾਸੀਅਤ ਇਹ ਹੈ ਕਿ ਇਹ ਬਿਲ ਨਾ ਤਾਂ ਜ਼ਮਾਨਤਯੋਗ ਹੋਵੇਗਾ ਅਤੇ ਨਾ ਹੀ ਸਮਝੌਤਾਯੋਗ ਹੋਵੇਗਾ। ਇਹ ਨਾ ਹੋਵੇ ਕਿ ਦੋਨੋਂ ਪਾਰਟੀਆਂ ਆਪਸ ਵਿੱਚ ਸਮਝੌਤਾ ਕਰ ਜਾਣ ਪਰ ਜਿਹੜੇ ਸਾਡੇ ਲੱਖਾਂ ਕਰੋੜਾਂ ਸਿੱਖਾਂ ਦੇ ਹਿਰਦੇ ਹਨ, ਉਹ ਵਲੂੰਧਰੇ ਜਾਣ ਪਰੰਤੂ ਉਸ ਸਮਝੌਤੇ ਉੱਤੇ ਰੋਕ ਲਗਾ ਕੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਬਹੁਤ ਵੱਡਾ ਕੰਮ ਕੀਤਾ ਹੈ। ਸਪੀਕਰ ਸਾਹਿਬ, ਇਸ ਵਿੱਚ ਸੱਤ ਤੋਂ ਲੈ ਕੇ ਵੀਹ ਸਾਲ ਤੱਕ ਦੀ ਸਜ਼ਾ ਅਤੇ ਭਾਰੀ ਜੁਰਮਾਨੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਹ ਬਿਲ ਸਾਬਿਤ ਕਰਦਾ ਹੈ ਕਿ ਪੰਜਾਬ ਸਰਕਾਰ ਸਿਰਫ ਗੱਲਾਂ ਨਹੀਂ ਕਰਦੀ, ਪੰਜਾਬ ਸਰਕਾਰ ਕੰਮ ਕਰਕੇ ਵੀ ਦਿਖਾਉਂਦੀ ਹੈ। ਸਪੀਕਰ ਸਾਹਿਬ, ਇਹ ਕਾਨੂੰਨ ਇੱਕ ਮਜ਼ਬੂਤ ਸੁਨੇਹਾ ਦਿੰਦਾ ਹੈ ਕਿ ਹੁਣ ਕਿਸੇ ਨੂੰ ਵੀ ਧਰਮ ਨਾਲ ਖੇਡਣ ਦੀ ਇਜਾਜ਼ਤ ਨਹੀਂ ਹੋਵੇਗੀ। ਇਹ ਸਿਰਫ ਕਾਨੂੰਨ ਹੀ ਨਹੀਂ ਸਗੋਂ ਬੇਅਦਬੀ ਰੋਕਣ ਦਾ ਵੀ ਜ਼ਰੀਆ ਹੈ। ਭਵਿੱਖ ਦੀਆਂ ਪੀੜ੍ਹੀਆ ਨੂੰ ਯਕੀਨ ਦਿਵਾਉਂਦੇ ਹਾਂ ਕਿ ਉਨ੍ਹਾਂ ਦੀ ਆਸਥਾ ਸੁਰੱਖਿਅਤ ਹੈ। ਪੰਜਾਬ ਸਦਾ ਹੀ ਧਾਰਮਿਕ ਅਤੇ ਭਾਈਚਾਰਕ ਸਾਂਝ ਦੀ ਗੱਲ ਕਰਦਾ ਹੈ। ਸਾਡੇ ਪੰਜਾਬ ਦੀ ਮਿੱਟੀ ਵਿੱਚ ਹੋਰ ਸਾਰੇ ਬੀਜ ਹੋ ਸਕਦੇ ਹਨ ਪਰ ਨਫਰਤ ਦਾ ਬੀਜ ਸਾਡੇ ਪੰਜਾਬ ਦੀ ਧਰਤੀ ਵਿੱਚ ਨਹੀਂ ਹੋ ਸਕਦਾ ਹੈ। ਸਾਡੇ ਇਸ ਪੰਜਾਬ ਵਿੱਚ ਹਰ ਧਰਮ ਦੀ ਇੱਜ਼ਤ ਕੀਤੀ ਜਾਂਦੀ ਹੈ। ਮੁੱਖ ਮੰਤਰੀ ਸਾਹਿਬ ਦੀ ਲੀਡਰਸ਼ਿਪ ਵਿੱਚ ਪੰਜਾਬ ਇੱਕ ਚੰਗੇ ਮਾਹੌਲ ਵਿੱਚ ਦਾਖਲ ਹੋ ਰਿਹਾ ਹੈ, ਜਿੱਥੇ ਨਿਆਂ, ਇਮਾਨਦਾਰੀ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਭ ਤੋਂ ਉੱਪਰ ਰੱਖਿਆ ਹੋਇਆ ਹੈ। ਇਹ ਕਦਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਅੰਤ ਵਿੱਚ, ਮੈਂ ਪੰਜਾਬ ਸਰਕਾਰ ਅਤੇ ਖਾਸ ਕਰਕੇ ਮੁੱਖ ਮੰਤਰੀ ਸਾਹਿਬ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸਿੱਖ ਕੌਮ ਦਾ ਸਿਰ ਉੱਚਾ ਕੀਤਾ ਅਤੇ ਨਿਆਂ ਦੀ ਲੜਾਈ ਨੂੰ ਹੋਰ ਮਜ਼ਬੂਤ ਕੀਤਾ। ਧੰਨਵਾਦ ਜੀ।

**ਸ਼੍ਰੀ ਅਮੋਲਕ ਸਿੰਘ (ਜੈਤੋ, ਐਸ.ਸੀ.):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਇਸ ਪਵਿੱਤਰ ਦਿਨ ਉੱਤੇ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, 1920 ਵਿੱਚ ਗੁਰਦੁਆਰਾ ਸੁਧਾਰ ਲਹਿਰ ਤੋਂ ਅਕਾਲੀ ਦਲ ਪਾਰਟੀ ਬਣੀ ਸੀ, ਉਸ ਪਾਰਟੀ ਦਾ ਉਦੇਸ਼ ਕੀ ਸੀ,

**1250/Manika Rani/Abhishek gautam**

**1255/Gurpreet kaur**

ਉਦੋਂ ਇਹ ਸੀ ਕਿ ਗੁਰਦੁਆਰਿਆਂ ਵਿੱਚ ਉਨ੍ਹਾਂ ਦੇ ਫਲਸਫੇ, ਉਨ੍ਹਾਂ ਦੀ ਵਿਚਾਰਧਾਰਾ ਨੂੰ ਅਤੇ ਪੰਥਕ ਹਿੱਤਾਂ ਨੂੰ ਕਾਇਮ ਰੱਖਣਾ ਹੁੰਦਾ ਸੀ ਪਰ ਕੀਤਾ ਕੀ ਗਿਆ, ਸਪੀਕਰ ਸਾਹਿਬ, ਤੁਹਾਨੂੰ ਵੀ 14 ਅਕਤੂਬਰ, 2015 ਦਾ ਦਿਨ ਚੰਗੀ ਤਰ੍ਹਾਂ ਯਾਦ ਹੋਵੇਗਾ। ਤੁਸੀਂ ਵੀ ਉੱਥੇ ਹੀ ਸੀ ਅਤੇ ਸਾਡੇ ਪਰਿਵਾਰ ਵੀ ਉੱਥੇ ਹੀ ਸਨ। ਮੇਰੇ ਪਿਤਾ ਜੀ ਵੀ ਉੱਥੇ ਹੀ ਸਨ। ਜਦੋਂ ਬੇਅਦਬੀ ਹੋਈ, ਤਾਂ ਉਸ ਦੇ ਰੋਸ ਵਿੱਚ ਸਿੱਖ ਸੰਗਤ ਕੋਟਕਪੂਰਾ ਦੇ ਬੱਤੀਆਂ ਵਾਲੇ ਚੌਂਕ ਵਿੱਚ ਸਿਮਰਨ ਕਰ ਰਹੀ ਸੀ। ਸਮੇਂ ਦੀ ਸਰਕਾਰ ਵੱਲੋਂ ਸਿਮਰਨ ਕਰਦੀ ਹੋਈ ਸੰਗਤ ਤੇ ਲਾਠੀਚਾਰਜ ਕਰਵਾਇਆ, ਗੋਲੀਆਂ ਚਲਾਈਆਂ ਗਈਆਂ ਅਤੇ ਇਸ ਦੇ ਨਾਲ ਇਸ ਘਟਨਾ ਤੋਂ ਬਾਅਦ ਮੇਰੇ ਹਲਕੇ ਦੇ ਪਿੰਡ ਬਹਿਬਲ ਕਲਾਂ ਵਿਖੇ ਵੀ ਰੋਸ ਹੋਇਆ ਅਤੇ ਵਿਰੋਧ ਹੋਇਆ। ਉੱਥੇ ਜਾ ਕੇ ਵੀ ਪੁਲਿਸ ਵੱਲੋਂ ਬਲ ਪ੍ਰਯੋਗ ਕੀਤਾ ਗਿਆ। ਜਦੋਂ ਪੁਲਿਸ ਵੱਲੋਂ ਬਲ ਪ੍ਰਯੋਗ ਕੀਤਾ ਗਿਆ ਤਾਂ ਉੱਥੇ ਗੋਲੀਆਂ ਚਲਾਈਆਂ ਗਈਆਂ। ਉੱਥੇ ਜਦੋਂ ਗੋਲੀਆਂ ਚਲਾਈਆਂ ਗਈਆਂ ਤਾਂ ਸਰਾਵਾਂ ਤੋਂ ਗੁਰਜੀਤ ਸਿੰਘ, ਬਹਿਬਲ ਖੁਰਦ ਤੇ ਨਿਆਮੀਵਾਲੇ ਤੋਂ ਕ੍ਰਿਸ਼ਨ ਭਗਵਾਨ ਜੀ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ। ਇਸ ਘਟਨਾਕ੍ਰਮ ਦਾ ਉਦੇਸ਼ ਇਹ ਸੀ ਕਿ ਉਸ ਵੇਲੇ ਸਮੇਂ ਦੀ ਸਰਕਾਰ ਸਿਰਫ ਸੱਤਾ ਦੀ ਭੁੱਖ ਕਰਕੇ ਕਿਸੇ ਨਾ ਕਿਸੇ ਤਰੀਕੇ ਗੁਰੂ ਦੀ ਬਾਣੀ, ਗੁਰੂ ਦੇ ਅੰਗ ਗਲੀਆਂ ਵਿੱਚ ਰੋਲ ਕੇ ਸੰਗਤ ਨੂੰ ਮੂਰਖ ਬਣਾ ਕੇ ਸੱਤਾ ਵਿੱਚ ਰਹਿਣਾ ਚਾਹੁੰਦੀ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਵਿੱਚ ਚਾਹੇ ਵਿਦੇਸ਼ੀ ਹਮਲਾਵਰ ਵੀ ਆਏ, ਅਹਿਮਦ ਸ਼ਾਹ ਅਬਦਾਲੀ ਵਰਗੇ ਵੀ ਆਏ। ਉਨ੍ਹਾਂ ਨੇ ਵੀ ਸਾਨੂੰ ਲੁੱਟਿਆ ਖਸੁੱਟਿਆ, ਸਾਡਾ ਜਾਨੀ-ਮਾਲੀ ਨੁਕਸਾਨ ਵੀ ਕੀਤਾ ਗਿਆ ਪਰ ਸਾਡੇ ਗੁਰੂਆਂ ਦੀ ਬਾਣੀ ਨੂੰ ਕਿਸੇ ਨੇ ਵੀ ਨਹੀਂ ਰੋਲਿਆ। ਗੁਰੂਆਂ ਦੀ ਬਾਣੀ ਨੂੰ ਕਿਸੇ ਨੇ ਗਲੀਆਂ ਵਿੱਚ ਨਹੀਂ ਰੋਲਿਆ। ਸੋ, ਉਸ ਤੋਂ ਬਾਅਦ ਇਹ ਗਲਤੀ ਤਾਂ ਕੀਤੀ ਹੀ ਕੀਤੀ, ਬੇਅਦਬੀ ਵੀ ਕੀਤੀ, ਸੰਗਤਾਂ ਤੇ ਗੋਲੀਆਂ ਵੀ ਚਲਾਈਆਂ, ਸੰਗਤਾਂ ਤੇ ਲਾਠੀਚਾਰਜ ਵੀ ਕੀਤਾ, ਸਿੱਖ ਨੌਜਵਾਨਾਂ ਨੂੰ ਸ਼ਹੀਦ ਵੀ ਕੀਤਾ ਅਤੇ ਨਾਲ ਦੀ ਨਾਲ ਇਸ ਕੇਸ ਦੀ ਜਾਂਚ ਸਹੀ ਢੰਗ ਨਾਲ ਨਾ ਹੋ ਸਕੇ, ਇਸ ਲਈ ਸਬੂਤਾਂ ਨੂੰ ਵੀ ਮਿਟਾਇਆ ਗਿਆ। ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ ਕਿ ਕੋਟਕਪੂਰਾ ਚੌਂਕ ਵਿੱਚ ਕਿੰਨੇ ਕੈਮਰੇ ਹਨ। ਉਸ ਵੇਲੇ ਕੋਈ ਵੀ ਵੀਡੀਓ ਨਹੀਂ ਆਈ ਅਤੇ ਕੁਝ ਵੀ ਪਤਾ ਨਹੀਂ ਲੱਗਾ। ਇਹੀ ਕੰਮ ਸਾਲ 2017 ਤੋਂ 2022 ਵਿੱਚ ਵੀ ਕਾਂਗਰਸ ਦੀ ਸਰਕਾਰ ਵੇਲੇ ਵੀ ਹੋਇਆ। ਉਨ੍ਹਾਂ ਨੇ ਵੀ ਸਬੂਤਾਂ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ। ਹਾਲੇ ਤੱਕ ਕੇਸ ਲੰਮਾ ਚੱਲੀ ਜਾਂਦਾ ਹੈ। ਸੋ, ਸਾਡੀ ਸਰਕਾਰ ਨੇ ਇਸ ਵਿੱਚ ਚਲਾਨ ਪੇਸ਼ ਕੀਤਾ। ਇਸ ਵਿੱਚ ਜਿੰਨੇ ਵੀ ਅਕਿਊਜ਼ ਸਨ, ਉਨ੍ਹਾਂ ਨੂੰ ਬੇਲ ਲੈਣੀ ਪਈ। ਸੋ, ਇਸ ਬਿਲ ਦੇ ਨਾਲ ਅੱਜ ਤੋਂ ਬਾਅਦ ਜਿੰਨੇ ਵੀ ਮੰਦ ਬੁੱਧੀ ਸਨ ਜਾਂ ਜਿਹੜੇ ਆਪਣੇ ਆਪ ਨੂੰ ਬੇਅਦਬੀ ਕਰਕੇ ਪਾਗਲ ਕਹਿਣ ਲੱਗ ਗਏ ਸਨ, ਉਹ ਵੀ ਘਟ ਜਾਣਗੇ। ਉਨ੍ਹਾਂ ਦੇ ਦਿਮਾਗ ਵੀ ਸਹੀ ਹੋ ਜਾਣਗੇ। ਸੋ, ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਹਮਾਇਤ ਕਰਦਾ ਹਾਂ ਅਤੇ ਵਿਧਾਨ ਸਭਾ ਦੇ ਜਿੰਨੇ ਵੀ ਮੈਂਬਰ ਹਨ, ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਆਓ, ਇੱਕਜੁੱਟ ਹੋ ਕੇ ਬਿਲ ਦੀ ਹਮਾਇਤ ਕਰੀਏ

ਤਾਂ ਕਿ ਅਸੀਂ ਦੱਸ ਸਕੀਏ ਕਿ ਸਾਡੀ ਕੌਮ ਹਮੇਸ਼ਾ ਇਸ ਬੇਅਦਬੀ ਦੇ ਖਿਲਾਫ ਹਾਂ ਅਤੇ ਅਸੀਂ ਸਾਰੇ ਇੱਕਜੁੱਟ ਹਾਂ। ਮੈਂ ਇਸ ਬਿਲ ਦੀ ਹਮਾਇਤ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਇਆਲੀ ਸਾਹਿਬ।

**1255/Gurpreet kaur/Abhishek gautam**

**1300/Kuldeep kaur**

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਭ ਤੋਂ ਪਹਿਲਾਂ ਸਾਰਿਆਂ ਨੂੰ ਫਤਹਿ ਬੁਲਾਉਂਦਾ ਹਾਂ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

ਸੋ, ਅੱਜ ਦਾ ਦਿਹਾੜਾ ਬੜਾ ਅਹਿਮ ਦਿਹਾੜਾ ਹੈ। ਅੱਜ ਦੇ ਦਿਨ ਸੰਨ 1699 ਈ. ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਪਵਿੱਤਰ ਅਨੰਦਪੁਰ ਸਾਹਿਬ ਦੀ ਧਰਤੀ ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਸਾਨੂੰ ਇੱਕ ਵੱਖਰੀ ਦਿੱਖ, ਇੱਕ ਵੱਖਰੀ ਪਹਿਚਾਣ ਦਿੱਤੀ। ਸੋ, ਸਭ ਤੋਂ ਪਹਿਲਾਂ ਤਾਂ ਮੈਂ ਸਾਰੀ ਸੰਗਤ ਨੂੰ ਅੱਜ ਦੇ ਇਸ ਪਵਿੱਤਰ ਦਿਹਾੜੇ ਦੀ ਲੱਖ ਲੱਖ ਵਧਾਈ ਦਿੰਦਾ ਹਾਂ। ਕਿਸਾਨਾਂ ਲਈ ਵੀ ਅੱਜ ਦੇ ਦਿਨ ਦੀ ਬੜੀ ਅਹਿਮੀਅਤ ਹੈ ਕਿਉਂਕਿ ਇਨ੍ਹਾਂ ਦਿਨਾਂ ਦੇ ਵਿੱਚ ਕਿਸਾਨਾਂ ਦੀ ਹਾੜ੍ਹੀ ਦੀ ਫਸਲ, ਕਣਕ ਦੀ ਫਸਲ ਦੀ ਆਮਦ ਹੁੰਦੀ ਹੈ। ਸੋ, ਉਸ ਦੇ ਨਾਲ ਹੀ ਅੱਜ ਦੇ ਇਸ ਅਹਿਮ ਦਿਹਾੜੇ ਤੇ ਪੰਜਾਬ ਸਰਕਾਰ ਵੱਲੋਂ ਦਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਅਮੈਂਡਮੈਂਟ) ਬਿਲ, 2026, ਲਿਆਂਦਾ ਗਿਆ ਹੈ। ਉਸ ਬਿਲ ਉੱਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਇਸ ਬਿਲ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਅਸੀਂ ਸਾਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਗੁਰੂ ਮੰਨਦੇ ਹਾਂ - *ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।*

*ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।।*
*ਸਭ ਸਿੱਖਨਿ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।।*
*ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕੱਲੇ ਸਿੱਖ ਹੀ ਨਹੀਂ ਹੋਰ ਵੀ ਸਾਰੇ ਧਰਮਾਂ ਦੇ ਲੋਕ ਬਹੁਤ ਜ਼ਿਆਦਾ ਸਤਿਕਾਰ ਕਰਦੇ ਹਨ। ਸਾਡੀ ਮਰਿਆਦਾ ਹੈ, ਜੇ ਅਸੀਂ ਆਪਣੇ ਘਰ ਗੁਰੂ ਸਾਹਿਬ ਨੂੰ ਲੈ ਕੇ ਆਉਣਾ ਹੋਵੇ, ਗੁਰੂ ਸਾਹਿਬ ਦੇ ਚਰਨ ਪਵਾਉਣੇ ਹੋਣ, ਅਸੀਂ ਪਾਠ ਕਰਵਾਉਣਾ ਹੋਵੇ ਤਾਂ ਪੰਜ ਸਿੰਘ ਗੁਰੂ ਸਾਹਿਬ ਨੂੰ ਲੈ ਕੇ ਜਾਂਦੇ ਹਨ। ਇੱਕ ਸਿੰਘ ਵੱਲੋਂ ਜਲ ਦੀ ਸੇਵਾ ਕੀਤੀ ਜਾਂਦੀ ਹੈ, ਇੱਕ ਸਿੰਘ ਵੱਲੋਂ ਘੜਿਆਲ ਦੀ ਸੇਵਾ ਕੀਤੀ ਜਾਂਦੀ ਹੈ ਅਤੇ ਇੱਕ ਸਿੰਘ ਵੱਲੋਂ ਚੌਰ ਸਾਹਿਬ ਦੀ ਸੇਵਾ ਕੀਤੀ ਜਾਂਦੀ ਹੈ। ਸੋ, ਅਸੀਂ ਗੁਰੂ ਸਾਹਿਬ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਹਾਂ। ਅਸੀਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਸੁੱਖ ਸ਼ਾਂਤੀ ਲਈ, ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕਰਦੇ ਹਾਂ। ਅਸੀਂ ਜੋ ਕੁਝ ਮੰਗਦੇ ਹਾਂ, ਗੁਰੂ ਗ੍ਰੰਥ ਸਾਹਿਬ ਤੋਂ ਮੰਗਦੇ ਹਾਂ।

ਲੇਕਿਨ ਪਿਛਲੇ ਸਮੇਂ ਵਿੱਚ ਜਿਹੜੀਆਂ ਕੁਝ ਘਟਨਾਵਾਂ ਵਾਪਰੀਆਂ ਕਿ ਉਹ ਲੋਕ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਜਾਂ ਕੀਤੀ ਜਾਂ ਕਰਵਾਈ ਕਿਉਂਕਿ ਕਈ ਘਟਨਾਵਾਂ ਸਾਜ਼ਿਸ਼ ਦੇ ਅਧੀਨ ਹੋਈਆਂ ਹਨ। ਉਨ੍ਹਾਂ ਘਟਨਾਵਾਂ ਕਰਕੇ ਸਿੱਖ ਕੌਮ ਦੇ ਮਨਾਂ ਨੂੰ ਬਹੁਤ ਵੱਡੀ ਠੇਸ ਪਹੁੰਚੀ, ਹੋਰ ਵੀ ਧਰਮਾਂ ਦੇ ਲੋਕ ਜਿਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਥਾ ਹੈ, ਉਨ੍ਹਾਂ ਦੇ ਮਨਾਂ ਨੂੰ ਵੀ ਬਹੁਤ ਵੱਡੀ ਠੇਸ ਪਹੁੰਚੀ। ਜਦੋਂ ਬੇਅਦਬੀ ਹੋਈ, ਉਸ ਸਮੇਂ ਅਕਾਲੀ ਦਲ ਦੀ ਸਰਕਾਰ ਸੀ। ਸਮੇਂ ਸਿਰ ਦੋਸ਼ੀ ਨਹੀਂ ਫੜੇ ਗਏ, ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਗਈ ਅਤੇ ਸੰਗਤਾਂ ਦੇ ਉੱਪਰ ਗੋਲੀਆਂ ਵੀ ਚਲਾਈਆਂ ਗਈਆਂ। ਸੋ, ਇਸ ਕਰਕੇ ਉਸ ਦਾ ਖਾਮਿਆਜ਼ਾ ਅਕਾਲੀ ਦਲ ਦੀ ਸਰਕਾਰ ਨੂੰ ਭੁਗਤਣਾ ਪਿਆ। ਇਨ੍ਹਾਂ ਘਟਨਾਵਾਂ ਕਰਕੇ ਸਮੁੱਚੀ ਸਿੱਖ ਸੰਗਤ ਵਿੱਚ ਬਹੁਤ ਵੱਡਾ ਰੋਸ ਪਾਇਆ ਗਿਆ। ਸੋ, ਉਸ ਸਮੇਂ ਜਿਹੜਾ ਕਾਨੂੰਨ ਵੀ ਸੀ, ਉਸ ਵਿੱਚ ਸਜ਼ਾਵਾਂ ਬੜੀਆਂ ਘੱਟ ਸਨ। ਦੇਰ ਨਾਲ ਦੋਸ਼ੀ ਫੜੇ ਗਏ, ਉਨ੍ਹਾਂ ਨੂੰ ਸਜ਼ਾਵਾਂ ਵੀ ਦਿੱਤੀਆਂ ਤਾਂ ਉਨ੍ਹਾਂ ਦੀਆਂ ਮੌਕੇ ਤੇ ਜ਼ਮਾਨਤਾਂ ਹੋ ਗਈਆਂ। ਸੋ, ਇਸ ਲਈ ਸਮੁੱਚੀ ਸਿੱਖ ਸੰਗਤ ਦੀ ਇਹ ਮੰਗ ਸੀ ਕਿ ਬੇਸ਼ੱਕ ਗੁਰੂ ਸਾਹਿਬ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਆਪ ਸਮਰੱਥ ਹਨ। ਸਾਡੀ ਕੋਈ ਔਕਾਤ ਨਹੀਂ ਕਿ ਅਸੀਂ ਕੋਈ ਕਾਨੂੰਨ ਬਣਾ ਸਕੀਏ ਲੇਕਿਨ ਜਿਹੜੀ ਸੰਗਤ ਦੀ ਮੰਗ ਹੈ, ਇਹ ਸੰਗਤ ਦੀ ਮੰਗ ਸੀ ਕਿਉਂਕਿ ਪਿਛਲੇ ਸਮੇਂ ਤੋਂ ਸਮਾਣੇ ਟਾਵਰ ਮੋਰਚੇ ਤੇ ਇੱਕ ਧਰਨਾ ਚੱਲ ਰਿਹਾ ਹੈ। ਭਾਈ ਗੁਰਜੀਤ ਸਿੰਘ ਜੀ ਖਾਲਸਾ, ਜੋ 12.10.2024 ਤੋਂ 18-19 ਮਹੀਨੇ ਹੋ ਗਏ ਹਨ, ਉਹ ਟਾਵਰ ਤੇ ਬੈਠੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਇੱਕ ਸਖਤ ਕਾਨੂੰਨ ਬਣਾਇਆ ਜਾਵੇ। ਸੋ, ਇਸ ਲਈ ਬਾਕੀ ਵੀ ਜਿਹੜੇ ਅਸੀਂ ਸਾਰੇ ਹੀ ਧਰਮਾਂ ਦੇ ਜਿੰਨੇ ਵੀ ਧਾਰਮਿਕ ਗ੍ਰੰਥ ਹਨ, ਅਸੀਂ ਉਨ੍ਹਾਂ ਸਾਰਿਆਂ ਦਾ ਸਤਿਕਾਰ ਕਰਦੇ ਹਾਂ ਕਿ ਕਿਸੇ ਵੀ ਧਾਰਮਿਕ ਗ੍ਰੰਥ ਦੀ ਬੇਅਦਬੀ ਨਹੀਂ ਹੋਣੀ ਚਾਹੀਦੀ। ਪਿਛਲੇ ਸਮੇਂ ਵਿੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਹੈ, ਇਸ ਕਰਕੇ ਮੰਗ ਸੀ ਕਿ ਸਖਤ ਕਾਨੂੰਨ ਬਣਾਇਆ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਬਾਰੇ ਸੋਚੇ ਵੀ ਨਾ। ਸੋ, ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਇਸ ਵਿੱਚ ਸਖਤ ਸਜ਼ਾਵਾਂ ਦੇਣ ਦਾ ਪ੍ਰੋਵੀਜ਼ਨ ਰੱਖਿਆ ਗਿਆ। ਸੋ, ਆਸ ਕਰਦੇ ਹਾਂ ਕਿ ਇਹ ਬਿਲ ਪਾਸ ਹੋਵੇਗਾ ਅਤੇ ਜਲਦੀ ਤੋਂ ਜਲਦੀ ਇਹ ਕਾਨੂੰਨ ਲਾਗੂ ਹੋਵੇਗਾ। ਸੋ, ਇਸ ਵਿੱਚ ਮੇਰਾ ਇੱਕ ਸੁਝਾਅ ਹੈ ਕਿ ਜਿਹੜਾ ਇਸ ਬਿਲ ਦਾ ਕੋਰਟ ਵਿੱਚ ਟਰਾਇਲ ਚੱਲਣਾ ਹੈ, ਉਸ ਲਈ ਟਾਈਮ ਪੀਰੀਅਡ ਜ਼ਰੂਰ ਨਿਸ਼ਚਿਤ ਕੀਤਾ ਜਾਵੇ ਕਿ ਇੱਕ ਸਾਲ ਦੇ ਸਮੇਂ ਦੇ ਵਿੱਚ ਵਿੱਚ ਹੀ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਕੇਸਾਂ ਦਾ ਫੈਸਲਾ ਕੀਤਾ ਜਾਵੇ।

**1300/Kuldeep kaur/BS khokhar**

**1305/Pawan sharma**

ਕਈ ਵਾਰ ਇਸ ਤਰ੍ਹਾਂ ਹੋ ਜਾਂਦਾ ਹੈ, ਜਿਵੇਂ ਪਿਛੇ ਕਰੋਨਾ ਦਾ ਸਮਾਂ ਰਿਹਾ ਹੈ, ਇਹੋ ਜਿਹੇ ਸਮੇਂ ਵਿੱਚ ਉਸ ਨੂੰ ਦੋ ਸਾਲ ਤੋਂ ਨਾ ਵਧਾਇਆ ਜਾਵੇ ਤਾਂ ਜੋ ਅਜਿਹੇ ਕੇਸ ਲੰਮੇ ਸਮੇਂ ਤੱਕ ਕੋਰਟਾਂ ਵਿੱਚ ਨਾ ਚੱਲਣ। ਜਿਵੇਂ ਪਹਿਲਾਂ ਵੀ ਗੱਲ ਕੀਤੀ ਗਈ ਹੈ ਕਿ ਜੇਕਰ ਜਸਟਿਸ ਡਿਲੇਅ ਹੁੰਦਾ ਹੈ ਤਾਂ ਉਸ ਦੇ ਨਾਲ ਬਹੁਤ ਸਾਰੇ ਸਬੂਤ ਮਿਟਾ ਦਿੱਤੇ ਜਾਂਦੇ ਹਨ, ਬਹੁਤ ਸਾਰੇ ਗਵਾਹ ਇਸ ਸੰਸਾਰ ਵਿੱਚ ਨਹੀਂ ਰਹਿੰਦੇ ਜਿਸ ਕਰਕੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਸੋ, ਇਸ ਲਈ ਮੇਰਾ ਇਹ ਜ਼ਰੂਰ ਸੁਝਾਅ ਹੈ। ਇਸ ਦੇ ਨਾਲ ਮੇਰਾ ਇਹ ਵੀ ਸੁਝਾਅ ਹੈ ਕਿ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ

ਮਿਲਣੀਆਂ ਚਾਹੀਦੀਆਂ ਹਨ ਲੇਕਿਨ ਪਹਿਲਾਂ ਵੀ ਕਈ ਕਾਨੂੰਨਾਂ ਦਾ ਮਿਸ ਯੂਜ਼ ਵੀ ਹੋਇਆ ਹੈ, ਇਸ ਦੀ ਕਿਤੇ ਵੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ। ਇਸ ਲਈ ਜੇਕਰ ਸਾਨੂੰ ਆਉਣ ਵਾਲੇ ਸਮੇਂ ਵਿੱਚ ਕੋਈ ਅਮੈਂਡਮੈਂਟ ਕਰਨੀ ਪੈਂਦੀ ਹੈ ਤਾਂ ਉਸ ਦੇ ਵੀ ਰਸਤੇ ਖੁੱਲ੍ਹੇ ਰੱਖਣੇ ਚਾਹੀਦੇ ਹਨ। ਸੋ, ਇਹ ਮੇਰਾ ਸੁਝਾਅ ਹੈ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਬਿਲ ਹੈ, ਇਸ ਨੂੰ ਸਰਬਸੰਮਤੀ ਦੇ ਨਾਲ ਪਾਸ ਕੀਤਾ ਜਾਵੇ ਅਤੇ ਜਲਦੀ ਤੋਂ ਜਲਦੀ ਇਹ ਕਾਨੂੰਨ ਬਣੇ ਤਾਂ ਜੋ ਆਉਣ ਵਾਲੇ ਸਮੇਂ ਦੇ ਵਿੱਚ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਬਾਰੇ ਨਾ ਸੋਚੇ। ਸੋ, ਧੰਨਵਾਦ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਇਸ ਬੜੇ ਹੀ ਅਹਿਮ ਬਿਲ ਤੇ ਬੋਲਣ ਦਾ ਮੌਕਾ ਦਿੱਤਾ। ਸਾਰਿਆਂ ਦਾ ਧੰਨਵਾਦ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

------

## ANNOUNCEMENT BY THE SPEAKER

**ਮਾਣਯੋਗ ਸਪੀਕਰ**: ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਡਾਕਟਰ ਗੁਰਪ੍ਰੀਤ ਕੌਰ, ਧਰਮਪਤਨੀ ਮਾਣਯੋਗ ਮੁੱਖ ਮੰਤਰੀ, ਪੰਜਾਬ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

-------

## THE JAAGAT JOT SRI GURU GRANTH SAHIB SATKAR (AMENDMENT) BILL, 2026 (*Resumption*)

**ਮਾਣਯੋਗ ਸਪੀਕਰ**: ਸਰਦਾਰ ਪਰਗਟ ਸਿੰਘ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਧੰਨਵਾਦ, ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਮੈਂ ਅੱਜ ਖਾਲਸੇ ਦੇ ਜਨਮ ਦਿਨ ਦੀ ਸਾਰਿਆਂ ਨੂੰ ਵਧਾਈ ਦਿੰਦਾ ਹਾਂ ਔਰ ਇਹ ਜਿਹੜਾ ਬਿਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008, ਜਿਸ ਦੀ ਅਮੈਂਡਮੈਂਟ ਅੱਜ ਅਸੀਂ ਲੈ ਕੇ ਆਏ ਹਾਂ, ਉਸ ਦੇ ਹੱਕ ਵਿੱਚ ਮੈਂ ਬੋਲਣ ਲਈ ਖੜ੍ਹਾ ਹੋਇਆ ਹਾਂ। ਇਸ ਦਾ ਪਹਿਲਾ ਪੱਖ ਧਾਰਮਿਕ ਪੱਖ ਹੈ, ਮੈਨੂੰ ਲੱਗਦਾ ਹੈ ਕਿ ਅੱਜ ਇਸ ਸਦਨ ਵਿੱਚ ਇੰਨੀਆਂ ਧਾਰਮਿਕ ਸ਼ਖ਼ਸੀਅਤਾਂ ਬੈਠੀਆਂ ਹਨ ਤੇ ਸ਼ਾਇਦ ਮੇਰੇ ਕੋਲ ਇਹੋ ਜਿਹੀ ਸੋਚ ਜਾਂ ਇਹੋ ਜਿਹੀ ਮੇਰੀ ਨਾਲੇਜ ਨਹੀਂ ਹੈ ਕਿ ਮੈਂ ਧਾਰਮਿਕ ਪੱਖ ਤੋਂ ਇਸ ਬਿਲ ਤੇ ਬੋਲ ਸਕਾਂ। ਇਸ ਦੇ ਜਿਹੜੇ ਕਾਨੂੰਨੀ ਅਤੇ ਰਾਜਨੀਤਕ ਪਹਿਲੂ ਹਨ, ਮੈਂ ਉਸ ਉੱਤੇ ਥੋੜ੍ਹਾ ਜਿਹਾ ਜ਼ਰੂਰ ਬੋਲਣਾ ਚਾਹੁੰਦਾ ਹਾਂ ਕਿਉਂਕਿ ਇੱਥੇ ਪਹਿਲਾਂ ਵੀ ਗੱਲ ਹੋਈ ਹੈ ਕਿ ਜਿਹੜੇ 2015 ਤੋਂ ਲੈ ਕੇ onward ਹੈ, rather ਕਿ 2007 ਤੋਂ onward ਹੈ ਕਿਉਂਕਿ ਨਾ 2007 ਦੇ ਵਿੱਚ ਬਾਬਾ ਰਾਮ ਰਹੀਮ, ਸ੍ਰੀ ਗੁਰੂ ਗੋਬਿੰਦ ਸਿੰਘ ਵਾਲਾ ਸਵਾਂਗ ਰਚਦੇ ਤੇ ਨਾ 2012 ਵਿੱਚ ਕੈਂਸਲੇਸ਼ਨ ਹੁੰਦੀ ਤੇ ਨਾ 2014 ਵਿੱਚ ਅਲਟੀਮੇਟਲੀ ਕੈਂਸਲੇਸ਼ਨ ਦੀ ਰਿਪੋਰਟ ਸਬਮਿਟ ਹੁੰਦੀ ਤਾਂ ਮੇਰਾ ਖ਼ਿਆਲ ਹੈ ਕਿ ਸ਼ਾਇਦ ਸਾਲ 2015 ਤੋਂ onward ਇਹੋ ਜਿਹੇ ਕਾਂਡ ਨਹੀਂ ਹੋਣੇ ਸਨ। ਇਹ ਉਸ ਦੀ ਨੀਂਹ ਹੈ, ਇਹ ਉਸ ਦਾ ਬੇਸ ਹੈ। ਇਹ ਜਿਹੜਾ ਕਾਨੂੰਨ ਹੈ, ਇਹ ਤਾਂ ਠੀਕ ਹੈ ਕਿ ਆਪਾਂ ਬਣਾ ਰਹੇ ਹਾਂ ਲੇਕਿਨ ਇਸ ਤੋਂ ਪਹਿਲਾਂ ਚਾਰ ਅਟੈਂਪਟ

ਹੋਈਆਂ ਹਨ। ਸਾਲ 2016 ਵਿੱਚ ਹੋਈ, ਸਾਲ 2018 ਵਿੱਚ ਹੋਈ ਤੇ ਸਾਲ 2025 ਵਿੱਚ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੀ ਕੀਤੀ ਹੈ ਅਤੇ ਹੁਣ ਸਾਲ 2026 ਵਿੱਚ। ਸਪੀਕਰ ਸਾਹਿਬ, ਵੈਸੇ ਕਾਨੂੰਨੀ ਤਾਂ ਇਹ ਚਾਹੀਦਾ ਸੀ ਕਿ 2025 ਦੀ ਵੀ ਜਿਹੜੀ ਰਿਪੋਰਟ ਹੈ-09 ਮਹੀਨੇ, ਕਿਉਂਕਿ ਬੀਤੇ ਸਮੇਂ ਤੋਂ ਤੁਸੀਂ ਸਿੱਖ ਸਕਦੇ ਹੋ, ਆਉਣ ਵਾਲੇ ਸਮੇਂ ਨੂੰ visualize ਕਰ ਸਕਦੇ ਹੋ, ਲੇਕਿਨ ਜਿਹੜਾ ਵਰਤਮਾਨ ਸਮਾਂ ਹੈ, ਉਹ ਸਭ ਤੋਂ ਪਾਵਰ ਫੁੱਲ ਸਮਾਂ ਹੈ, ਜਿਸ ਦੇ ਵਿੱਚ ਅਸੀਂ ਫ਼ੈਸਲੇ ਲੈਣੇ ਹਨ, ਜਿਵੇਂ ਅੱਜ ਅਸੀਂ ਵਰਤਮਾਨ ਸਮੇਂ ਵਿੱਚ ਫ਼ੈਸਲੇ ਲੈ ਰਹੇ ਹਾਂ। ਇਸ ਦੇ ਦੋ ਪਹਿਲੂ ਹਨ, ਇੱਕ ਤਾਂ ਕਾਨੂੰਨ ਬਣਾਉਣਾ ਅਤੇ ਦੂਜਾ ਸਜ਼ਾ ਦਿਵਾਉਣਾ। ਜਿਹੜਾ ਕਾਨੂੰਨ ਹੈ, ਉਹ ਤਾਂ ਬਣ ਜਾਂਦਾ ਹੈ ਕਿਉਂਕਿ ਪਿਛਲੇ ਕਾਨੂੰਨ ਦੇ ਵਿੱਚ ਕਿਤੇ ਨਾ ਕਿਤੇ ਸਜ਼ਾ ਘੱਟ ਸੀ ਲੇਕਿਨ ਘੱਟ ਦੇ ਬਾਵਜੂਦ ਵੀ ਮੈਂ ਤਾਂ ਸੀ.ਐਮ. ਸਾਹਿਬ ਨੂੰ ਇੱਕੋ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਆਪਾਂ ਬਾਬਾ ਰਾਮ ਰਹੀਮ ਦਾ ਨਾਂਅ ਲੈਣ ਤੋਂ ਵੀ ਡਰਨ ਲੱਗ ਪਏ ਹਾਂ। ਇਹ ਸੁਖਬੀਰ ਬਾਦਲ ਨੇ ਵੀ ਭੁਗਤਿਆ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ( ਬੈਠੇ ਬੈਠੇ)**: ਉਸ ਨੂੰ ਬਾਬਾ ਕਿਉਂ ਕਹਿੰਦੇ ਹੋ?

**ਸਰਦਾਰ ਪਰਗਟ ਸਿੰਘ ਪੋਆਰ**: ਮੈਂ ਉਸ ਲੈਵਲ ਤੱਕ ਨਹੀਂ ਜਾ ਸਕਦਾ, ਮੇਰੀ ਸ਼ਬਦਾਵਲੀ ਉਨੀ ਮਾੜੀ ਨਹੀਂ ਹੋ ਸਕਦੀ, ਹੁਣ ਮੈਂ ਕੀ ਕਰਾਂ।

**1305/Pawan sharma/BS khokhar**

**1310/Beant kaur**

(ਵਿਘਨ) ਆਪਾਂ ਇੱਧਰ ਗੱਲ ਕਰ ਲਈਏ ਅਤੇ ਉਸ ਨੂੰ ਛੱਡ ਦੇਈਏ। ਮੋੜ ਬਲਾਸਟ, ਜਿਸ ਵਿੱਚ 7 ਲੋਕਾਂ ਦੀ ਜਾਨ ਗਈ ਸੀ। ਮੈਨੂੰ ਲਗਦਾ ਹੈ ਕਿ ਇਸ ਦੀ ਇਨਵੈਸਟੀਗੇਸ਼ਨ ਹੋਈ ਪਈ ਹੈ, ਆਪਾਂ ਚਾਰ ਸਾਲਾਂ ਵਿੱਚ ਇਕ ਇੰਚ ਨਹੀਂ ਵਧੇ। ਮੈਂ ਤਿੰਨ ਸਾਲਾਂ ਦੇ ਹਰ ਸੈਸ਼ਨ ਵਿੱਚ ਇਹ ਗੱਲ ਕਹੀ ਹੈ ਕਿ ਆਪਾਂ prosecution sanction ਕਿਉਂ ਨਹੀਂ ਦੇ ਰਹੇ? ਜੇ ਆਪਾਂ ਇਨ੍ਹਾਂ ਚਾਰ ਸਾਲ ਅਤੇ 26 ਮਹੀਨਿਆਂ ਦਾ ਹਿਸਾਬ ਕਰ ਲਈਏ, ਹਾਂ, ਮੇਰੇ ਕੈਪਟਨ ਅਮਰਿੰਦਰ ਸਿੰਘ ਨਾਲ difference of opinion ਸੀ, ਜਦੋਂ ਉਨ੍ਹਾਂ ਨੇ ਢਿੱਲ-ਮੱਠ ਸ਼ੁਰੂ ਕੀਤੀ ਤਾਂ ਅਸੀਂ ਲੱਤ ਲਾ ਕੇ ਉਨ੍ਹਾਂ ਨੂੰ ਚੀਫ ਮਨਿਸਟਰੀ ਦੇ ਅਹੁਦੇ ਤੋਂ ਲਾਹਿਆ। ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ।

ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਨਵੰਬਰ, 2021 ਵਿੱਚ SIT ਸੁਨਾਰੀਆ ਜੇਲ੍ਹ ਰਾਮ ਰਹੀਮ ਸਬੰਧੀ ਇਨਵੈਸਟੀਗੇਟ ਕਰਨ ਪਹੁੰਚੀ ਸੀ। ਉਸ ਤੋਂ ਬਾਅਦ ਦਸੰਬਰ, 2021 ਵਿੱਚ ਪਹੁੰਚੀ, ਫੇਰ ਜਨਵਰੀ, 2022 ਵਿੱਚ ਫਰੀਦਕੋਟ ਅਦਾਲਤ ਵਿੱਚ ਚਲਾਨ ਪੇਸ਼ ਕੀਤਾ। ਲੇਕਿਨ ਸਪੀਕਰ ਸਾਹਿਬ, ਮਾਰਚ, 2023 ਤੋਂ ਪੰਜਾਬ ਵਿਚੋਂ ਪੰਜ ਦੇ ਪੰਜ ਕੇਸ ਬਾਹਰ ਹੋ ਗਏ। ਆਪਾਂ ਇਹ ਸਮਝ ਸਕਦੇ ਹਾਂ ਕਿ ਜਿਹੜਾ ਉਸ ਦਾ ਗਵਾਹ ਹੋਵੇਗਾ, ਜਿਹੜਾ ਉਸ ਦਾ ਮੁਦੱਈ ਹੋਵੇਗਾ, ਉਸ ਨੂੰ ਕਿੰਨੀ ਤਕਲੀਫ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਅਤੇ ਆਪਣੇ ਵਿੱਚ ਇੱਥੇ ਗੱਲ ਕਰ ਦੀ ਜ਼ੁਅਰਤ ਨਹੀਂ ਹੈ। ਜਿਹੜਾ ਸਾਲ 2008 ਦਾ ਐਕਟ ਹੈ, ਇਹ ਰੈਗੂਲੇਟਰੀ ਨੇਚਰ ਦਾ ਹੈ, ਉਸ ਵਿੱਚ ਸਜ਼ਾ ਘੱਟ ਨਹੀਂ ਸੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)(ਬੈਠੇ ਬੈਠੇ) :** ਦੋ ਸਾਲ ਦੀ ਸਜ਼ਾ ਸੀ।

**ਸਰਦਾਰ ਪਰਗਟ ਸਿੰਘ ਪੋਆਰ** : ਹੋ ਸਕਦਾ ਹੈ, ਜਿੰਨਾ ਕੁ ਮੈਂ ਪੜ੍ਹਿਆ ਹੈ ਲੇਕਿਨ ਅੱਜ ਜਦੋਂ ਅਸੀ ਇਸ ਵਿੱਚ 10 ਸਾਲ ਦੀ ਕੈਦ ਜਾਂ ਹੋਰ ਸਜ਼ਾ ਦੀ ਪ੍ਰੋਵੀਜ਼ਨ ਕਰਾਂਗੇ ਤਾਂ ਮੈਨੂੰ ਲਗਦਾ ਹੈ ਕਿ ਇਸ ਦੀ ਨੇਚਰ ਚੇਂਜ ਹੋ ਜਾਣੀ ਹੈ, ਜਿੰਨੀ ਕੁ ਗੱਲ ਮੈਨੂੰ ਸਮਝ ਆਉਂਦੀ ਹੈ। ਜਦੋਂ ਇਸ ਦਾ ਨੇਚਰ ਚੇਂਜ ਹੋ ਜਾਣਾ ਹੈ, ਫੇਰ ਇਹ ਨਾ ਹੋਵੇ ਕਿ ਜਿਵੇਂ ਪਹਿਲੇ ਤਿੰਨ ਕਾਨੂੰਨ ਜਾਂ 9 ਮਹੀਨੇ ਤੋਂ ਬਣੀ ਸਿਲੈਕਟ ਕਮੇਟੀ ਦੀ ਰਿਪੋਰਟ ਹੈ। ਅਰੋੜਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮਾਣਯੋਗ ਸਪੀਕਰ** : ਹਾਂ ਜੀ, ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ**: ਸਰ, ਮੇਰੇ 1-2 ਪੁਆਇੰਟ ਆਫ ਆਰਡਰ ਹਨ।

**ਮਾਣਯੋਗ ਸਪੀਕਰ**: ਹਾਂ ਜੀ, ਕਰੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਭ ਤੋਂ ਪਹਿਲਾਂ ਸਾਰੀ ਦੁਨੀਆ ਨੂੰ ਮੁਬਾਰਕਬਾਦ, ਪੰਜਾਬ ਨੂੰ ਮੁਬਾਰਕਬਾਦ ਕਿ ਖਾਲਸਾ ਸਥਾਪਨਾ ਦਿਵਸ ਮੌਕੇ ਪੰਜਾਬ ਸਰਕਾਰ ਮਾਨ ਸਾਹਿਬ ਦੀ ਅਗਵਾਈ ਵਿੱਚ ਇਸ ਪਵਿੱਤਰ ਬਿਲ ਵਿੱਚ ਅਮੈਂਡਮੈਂਟ ਲੈ ਕੇ ਆਈ ਹੈ। ਸਰ, 2-3 ਚੀਜ਼ਾਂ ਮੈਂ observe ਕਰ ਰਿਹਾ ਸੀ। ਇਕ, ਸਰਦਾਰ ਪਰਗਟ ਸਿੰਘ ਸਿੰਘ ਜੀ ਨੇ ਗੱਲ ਕੀਤੀ ਹੈ ਕਿ ਪਿਛਲੇ 4 attempts ਦੀ ਤਰ੍ਹਾਂ ਇਹ ਵੀ ਕਿਤੇ ਫੇਰ ਨਾ ਰਹਿ ਜਾਵੇ। ਜਿਵੇਂ ਤੁਸੀਂ ਸਾਲ 2008 ਵਾਲਾ ਕਹਿ ਰਹੇ ਹੋ, ਉਸ ਵਿੱਚ ਸਿਰਫ ਦੋ ਸਾਲ ਦੀ ਸਜ਼ਾ ਅਤੇ 50,000 ਜ਼ੁਰਮਾਨਾ ਸੀ। ਇਸ ਵਿੱਚ ਬਹੁਤ ਵੱਡੀਆਂ ਸਜ਼ਾਵਾਂ ਰੱਖੀਆਂ ਗਈਆਂ ਹਨ। 25 ਲੱਖ ਤੱਕ ਜ਼ੁਰਮਾਨਾ ਅਤੇ ਉਮਰ ਕੈਦ ਰੱਖੀ ਗਈ ਹੈ। ਸਰ, ਇਸ ਤਰ੍ਹਾਂ ਹੈ ਕਿ intent matter ਕਰਦੀ ਹੁੰਦੀ ਹੈ। ਜਿਹੜਾ ਪਿਛਲਾ ਬਿਲ ਸੀ, ਉਸ ਦੀ intent ਕੀ ਸੀ ਕਿ ਉਹ ਬੜਾ light Bill ਸੀ। ਇਸ ਬਿਲ ਵਿੱਚ ਇੰਨੀਆਂ ਪ੍ਰੋਵੀਜ਼ਨਜ਼ ਰੱਖੀਆਂ ਗਈਆਂ ਹਨ ਅਤੇ ਇਹ ਉਸੇ ਬਿਲ ਵਿੱਚ ਅਮੈਂਡਮੈਂਟ ਹੈ। ਜਿਹੜਾ ਤੁਸੀਂ ਕਹਿ ਰਹੇ ਹੋ ਕਿ ਇਸ ਦਾ ਵੀ ਉਹੀ fate ਨਾ ਬਣ ਜਾਵੇ, ਉਹ ਇਸ ਕਰਕੇ ਨਹੀਂ ਬਣ ਸਕਦਾ ਕਿਉਂਕਿ ਇਹ ਸਟੇਟ ਐਕਟ ਹੈ। ਜਿਹੜੀਆਂ 4 attempts ਦੀ ਆਪਾਂ ਗੱਲ ਕੀਤੀ ਹੈ ਕਿ 2018 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੀ ਕੀਤਾ, ਉਹ ਸੈਂਟਰਲ ਐਕਟ, IPC ਦੀ amendment ਸੀ। ਮੈਂ ਪਰਗਟ ਸਿੰਘ ਜੀ ਦਾ ਬਿਆਨ ਟੀਵੀ ਉੱਪਰ ਵੀ ਸੁਣ ਰਿਹਾ ਸੀ ਕਿ 2018 ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਨੇ ਬਿਲ ਲਿਆਂਦਾ ਸੀ, ਉਹ ਬੜਾ ਸਖਤ ਸੀ। ਮੇਰੇ ਕੋਲ ਉਸ ਬਿਲ ਦੀ ਕਾਪੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਐਕਟ, may be called Indian Penal Code, Punjab Amendment Act, 2018, ਸੈਂਟਰਲ ਐਕਟ ਦੀ ਪੰਜਾਬ ਸਰਕਾਰ ਕਿਵੇਂ ਅਮੈਂਡਮੈਂਟ ਕਰ ਸਕਦੀ ਸੀ?

**ਸਰਦਾਰ ਪਰਗਟ ਸਿੰਘ ਪੋਆਰ** : ਕਨਕਰੰਟ ਲਿਸਟ ਦਾ ਸੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਮੇਰੀ ਗੱਲ ਸੁਣੋ, ਇਹ ਕਨਕਰੰਟ ਲਿਸਟ ਦਾ ਨਹੀਂ ਸੀ ਬਲਕਿ ਸੈਂਟਰਲ ਐਕਟ ਸੀ। ਮੈਂ ਕਲੈਰੀਫਾਈ ਕਰ ਰਿਹਾ ਹਾਂ। ਇਹ ਸੈਂਟਰਲ ਐਕਟ ਸੀ, ਸਿਰਫ ਕਨਕਰੰਟ ਵਾਲਾ ਥਰੂ ਗਵਰਨਰ ਪ੍ਰੈਜੀਡੈਂਟ ਕੋਲ ਜਾਂਦਾ ਹੈ, ਪ੍ਰੈਜੀਡੈਂਟ accent ਦੇਵੇ ਜਾਂ ਨਾ ਦੇਵੇ। ਫੇਰ ਇਸ ਵਿੱਚ ਵੱਡਾ ਸਵਾਲ ਇਹ ਸੀ ਕਿ ਸਾਲ 2018 ਵਿੱਚ ਜਦੋਂ ਇਹ ਹੋ ਗਿਆ, ਉਸ ਤੋਂ ਬਾਅਦ ਕਾਂਗਰਸ ਪਾਰਟੀ ਦੀ ਸਰਕਾਰ ਨੇ ਕੀ ਐਫਰਟ ਕੀਤਾ?

**1310/Beant kaur/Rajneesh kumar**

**1315/Karamjit kaur**

ਸਰ, ਇਹ 4-5 ਸਾਲ ਗਵਰਨਰ ਸਾਹਿਬ ਕੋਲ ਹੀ ਪਿਆ ਰਿਹਾ। ਜੇ ਪ੍ਰੈਜੀਡੈਂਟ ਆਫ ਇੰਡੀਆ ਉਸ ਨੂੰ ਮਨਜ਼ੂਰੀ ਦੇ ਵੀ ਦੇਣ ਤਾਂ ਪਾਰਲੀਮੈਂਟ ਆਫ ਇੰਡੀਆ ਫਿਰ ਉਸ ਨੂੰ ਖਤਮ ਕਰ ਸਕਦੀ ਹੈ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਇਸ ਬਿਲ ਨੂੰ ਲੈ ਕੇ ਆਉਣ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਦੀ ਮਨਸ਼ਾ ਬੜੀ ਕਲੀਅਰ ਹੈ। ਪਿਛਲੀਆਂ ਸਰਕਾਰਾਂ ਵਿੱਚ ਇਸ ਬਿਲ ਨੂੰ ਲੈ ਕੇ ਸਿਰਫ ਤੇ ਸਿਰਫ ਖਾਨਾਪੂਰਤੀ ਹੀ ਕੀਤੀ ਗਈ ਸੀ। ਸਰ, ਮੈਂ ਇੱਕ ਚੀਜ ਹੋਰ ਕਹਿਣੀ ਚਾਹਾਂਗਾ। ਸਤਿਕਾਰਯੋਗ ਖਹਿਰਾ ਸਾਹਿਬ ਨੇ ਵੀ ਇਸ਼ੂ ਰੇਜ਼ ਕੀਤਾ ਕਿ ਐਸ.ਜੀ.ਪੀ.ਸੀ. ਤੋਂ ਇਸ ਸਬੰਧ ਵਿੱਚ ਸਲਾਹ ਲੈ ਲੈਣੀ ਚਾਹੀਦੀ ਸੀ। ਸਰ, ਇਹ ਬਿਲਕੁਲ ਲੈ ਲੈਣੀ ਚਾਹੀਦੀ ਸੀ। ਸਰ, ਮੈਂ ਤੁਹਾਨੂੰ ਇੱਕ ਬੇਨਤੀ ਕਰਾਂਗਾ ਕਿ ਮੇਰੇ ਕੋਲ ਇਹ ਸਾਲ 2008 ਵਾਲਾ ਐਕਟ ਹੈ। ਖਹਿਰਾ ਸਾਹਿਬ, ਸਾਲ 2008 ਵਿੱਚ ਜਦੋਂ ਇਹ ਐਕਟ ਬਣਿਆ ਤਾਂ ਉਦੋਂ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਸੀ। ਅਕਾਲੀ ਦਲ ਦੀ ਸਰਕਾਰ ਨੇ ਇਸ ਨੂੰ ਬਣਾਉਣ ਲੱਗਿਆਂ ਡੈਫੀਨੇਟਲੀ ਐਸ.ਜੀ.ਪੀ.ਸੀ. ਤੋਂ ਸਲਾਹ ਲਈ ਹੋਵੇਗੀ। ਸਰ, ਇਸ ਐਕਟ ਦਾ ਜਿਹੜਾ ਸੈਕਸ਼ਨ-3 ਹੈ, ਮੈਂ ਇੰਟੈਂਟ ਦੀ, ਮਨਸ਼ਾ ਦੀ ਗੱਲ ਕਰਦਾ ਹਾਂ।

**ਮਾਣਯੋਗ ਸਪੀਕਰ:** ਜਿਨ੍ਹਾਂ ਨੇ ਬਿਨਾਂ ਮੰਗਿਆਂ ਅਪਰਾਧੀ ਨੂੰ ਮੁਆਫੀ ਦੇ ਦਿੱਤੀ, ਤੁਸੀਂ ਉਨ੍ਹਾਂ ਦੀ ਸਲਾਹ ਦੀ ਗੱਲ ਕਰਦੇ ਹੋ?

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਸਰ, ਇੱਕ ਮਿੰਟ ਜੀ। ਪਲੀਜ਼ ਸੁਣ ਲਵੋ ਜੀ।

**ਮਾਣਯੋਗ ਸਪੀਕਰ:** ਜਿਨ੍ਹਾਂ ਨੇ ਇੰਨੇ ਵੱਡੇ ਵੱਡੇ ਇਸ਼ਤਿਹਾਰ ਦਿੱਤੇ, ਤੁਸੀਂ ਉਨ੍ਹਾਂ ਦੀ ਸਲਾਹ ਦੀ ਗੱਲ ਕਰਦੇ ਹੋ? ਜੇ ਉਨ੍ਹਾਂ ਨੇ ਸਹੀ ਕੰਮ ਕੀਤਾ ਹੁੰਦਾ ਤਾਂ ਇੱਥੇ ਆਉਣ ਦੀ ਲੋੜ ਹੀ ਨਹੀਂ ਪੈਣੀ ਸੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਰ, ਮੇਰੀ ਬੇਨਤੀ ਸੁਣ ਲਵੋ, ਇੱਕ ਮਿੰਟ ਜੀ। ਸਾਲ 2008 ਦੇ ਐਕਟ ਦਾ ਜਿਹੜਾ ਸੈਕਸ਼ਨ-3 ਹੈ, ਜਿਸ ਵਿੱਚ printing, publication, storage, distribution and supplying of Birs of Sri Guru Granth Sahib, ਇਸ ਦੀ ਗੱਲ ਕੀਤੀ ਗਈ ਹੈ। Sir, let me complete. ਇਸ ਦੇ ਵਿੱਚ ਚਾਰ ਥਾਵਾਂ ਦੇ ਉੱਪਰ ਇਹ ਤਾਂ ਮੈਨਸ਼ਨ ਕੀਤਾ ਗਿਆ ਹੈ ਕਿ ਜਿਹੜੀ ਭੇਟਾ ਇਕੱਠੀ ਹੋਵੇਗੀ, ਉਹ ਕੌਣ ਡਿਟਰਮਿਨ ਕਰੇਗਾ ਅਤੇ ਕੌਣ ਕਿਸ ਨੂੰ ਹੈਂਡ ਓਵਰ ਕਰੇਗਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾ ਹੋਵੇ,

ਉਸ ਦੀ ਸਾਂਭ ਸੰਭਾਲ ਨਾ ਹੋਵੇ ਤਾਂ ਇਸ ਬਾਰੇ ਕਿਤੇ ਕੋਈ ਗੱਲ ਹੀ ਨਹੀਂ ਕੀਤੀ ਗਈ ਜਿਹੜਾ ਕਿ ਇਸ ਅਮੈਂਡਮੈਂਟ ਵਿੱਚ ਮਾਨ ਸਾਹਿਬ ਦੀ ਸਰਕਾਰ ਲੈ ਕੇ ਆਈ ਹੈ। ਇਹ ਨੰਬਰ ਇੱਕ ਪੁਆਇੰਟ ਹੈ ਅਤੇ ਨੰਬਰ ਦੋ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਠੀਕ ਹੈ ਜੀ। ਹਾਂ ਜੀ, ਸਰਦਾਰ ਪਰਗਟ ਸਿੰਘ, ਕਨਕਲੂਡ ਕਰ ਲਵੋ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਮੈਨੂੰ ਲਗਦਾ ਹੈ ਕਿ ਸੀ.ਐਮ. ਸਾਹਿਬ ਆਪਣੀ ਕਨਕਲੂਜ਼ਨ ਵਿੱਚ ਸਾਰਾ ਕੁਝ ਕਹਿਣਗੇ। ਮੈਂ ਤਾਂ ਇੰਨੀ ਕੁ ਗੱਲ ਕੀਤੀ ਹੈ, ਜਿੰਨੀ ਕੁ ਮੈਨੂੰ ਸਮਝ ਆਈ ਹੈ ਕਿ ਕਿਉਂਕਿ ਇਹ ਸਟੇਟ ਸਰਕਾਰ ਵੀ ਬਣਾ ਸਕਦੀ ਹੈ ਅਤੇ concurrent list ਦੇ ਵਿੱਚ ਸੈਂਟਰ ਸਰਕਾਰ ਵੀ ਬਣਾ ਸਕਦੀ ਹੈ। ਕਿਉਂਕਿ ਆਰਟੀਕਲ 254 ਦੇ ਤਹਿਤ ਉਹ ਸਿਰਫ ਤੇ ਸਿਰਫ ਇੱਕ ਸਟੇਟ ਨੂੰ ਵੀ ਮਿਲ ਸਕਦਾ ਹੈ ਅਤੇ ਜਿਹੜੀ ਦੇਸ਼ ਦੀ ਕੈਬਨਿਟ ਹੈ, ਉਹ ਇਸ ਨੂੰ ਸਾਰੇ ਦੇਸ਼ ਦੇ ਵਿੱਚ ਵੀ ਲਾਗੂ ਕਰ ਸਕਦੀ ਹੈ। ਇਸ ਕਰਕੇ ਮੈਂ ਕਹਿ ਰਿਹਾ ਹਾਂ। ਸ਼੍ਰੀ ਅਮਨ ਅਰੋੜਾ ਜੀ, ਕਿਉਂਕਿ ਕੰਟਰਾਡਿਕਸ਼ਨ ਇਸ ਕਰਕੇ ਹੈ, ਮੈਂ ਤਾਂ ਉਹੀ ਗੱਲ ਕਰਦਾ ਹਾਂ।

**ਮਾਣਯੋਗ ਸਪੀਕਰ:** ਪਰਗਟ ਸਿੰਘ ਜੀ, ਠੀਕ ਹੈ ਜੀ। ਆਪਾਂ ਇਸ ਨੂੰ ਹੋਰ ਨਾ ਵਧਾਈਏ, ਆਪਾਂ ਅੱਗੇ ਚੱਲੀਏ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਮੇਰਾ ਤਾਂ ਸਿਰਫ ਇੰਨਾ ਹੀ ਕਹਿਣਾ ਹੈ ਕਿ ਇਸ ਵਿੱਚ ਜਿਹੜੀ ਕਾਨੂੰਨੀ ਪਹਿਲੂ ਹਨ, ਉਹ ਹੋਰ ਘੋਖ ਲਏ ਜਾਣ। ਮੈਂ ਕਹਿੰਦਾ ਹਾਂ ਕਿ ਅਸੀਂ ਇਸ ਦੇ ਫੇਵਰ ਦੇ ਵਿੱਚ ਹਾਂ ਪ੍ਰੰਤੂ ਇਹ ਨਾ ਹੋਵੇ ਕਿ ਇਸੇ ਤਰ੍ਹਾਂ ਹੀ ਰਹਿ ਜਾਵੇ, ਜਿਸ ਤਰ੍ਹਾਂ ਪਹਿਲਾਂ ਹੋਇਆ ਹੈ। ਕਿਉਂਕਿ ਇਸ ਵਿੱਚ IPC, CRPC and ਹੁਣ BNS ਦੀ ਕੰਟਰਾਡਿਕਸ਼ਨ ਹੈ। ਜਦੋਂ ਇਨ੍ਹਾਂ ਦੀ ਕੰਟਰਾਡਿਕਸ਼ਨ ਹੈ।

**ਮਾਣਯੋਗ ਸਪੀਕਰ:** ਠੀਕ ਹੈ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਇੱਕ ਮਿੰਟ ਜੀ। ਕਿਉਂਕਿ ਇਸ ਵਿੱਚ ਜਦੋਂ ਆਪਾਂ 10 ਸਾਲ ਤੋਂ ਲੈ ਕੇ life imprisonment ਸਜਾ ਕਰਨੀ ਹੈ ਤਾਂ ਇਸ Law ਦਾ Nature change ਹੋਣਾ ਹੈ। ਕਿਉਂਕਿ ਆਪਾਂ ਨੂੰ ਇੰਨੀ ਗੱਲ ਸਮਝ ਆਉਂਦੀ ਹੈ। ਮੈਂ ਤਾਂ ਇੰਨੀ ਗੱਲ ਕਹਿੰਦਾ ਹਾਂ ਕਿ ਇਹ ਨਾ ਹੋਵੇ। ਲੇਕਿਨ ਜਿਹੜੀਆਂ ਪੁਰਾਣੀਆਂ ਬੇਅਦਬੀਆਂ ਦੇ ਕੇਸਿਜ ਹਨ ਕਿਉਂਕਿ ਖਾਸ ਕਰਕੇ ਜਿਹੜਾ ਮੌੜ ਬਲਾਸਟ ਕੇਸ ਹੈ, ਜਿਸ ਦੀ ਸਾਢੇ ਤਿੰਨ ਸਾਲਾਂ ਬਾਅਦ ਸੀ.ਐੱਮ. ਸਾਹਿਬ ਨੇ prosecution sanction ਦਿੱਤੀ ਹੈ, ਦਿੱਤੀ ਵੀ ਹੈ ਕਿ ਨਹੀਂ ਦਿੱਤੀ, ਅਜੇ ਇਹ ਵੀ ਪਤਾ ਨਹੀਂ ਹੈ, ਕਿਉਂਕਿ ਉਸ ਕੇਸ ਉੱਤੇ, ਜੇ ਤੁਸੀਂ 4 ਸਾਲ 26 ਦਿਨ ਦਾ ਕਿਤੇ ਹਿਸਾਬ ਕਰਨਾ ਹੈ ਤਾਂ ਮੈਂ ਪੰਜ ਸਾਲਾਂ 2017 ਤੋਂ 2022 ਤੱਕ ਦਾ ਵੀ ਕਰੋ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਤੁਹਾਡੀ ਗੱਲ ਆ ਗਈ ਹੈ। ਸ਼੍ਰੀ ਜੰਗੀ ਲਾਲ ਮਹਾਜਨ ਜੀ।

**ਸ਼੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਖਾਸ ਬਿਲ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਅੱਜ ਦੇ ਪਵਿੱਤਰ ਖਾਲਸਾ ਸਾਜਨਾ ਦਿਵਸ ਮੌਕੇ ਸਾਰੇ ਹਾਊਸ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਔਰ ਮੈਂ ਇਸ ਬਿਲ ਦੇ ਸਮਰਥਨ ਵਿੱਚ ਖੜ੍ਹਾ ਹੋਇਆ ਹਾਂ। ਮੈਂ ਆਸ ਕਰਦਾ ਹਾਂ ਕਿ ਸਾਰਾ ਹਾਊਸ ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰੇਗਾ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਲ 2008 ਦੇ ਬਿਲ ਨੂੰ ਅਮੈਂਡ ਕਰਕੇ ਇਸ ਨੂੰ ਪੇਸ਼ ਕੀਤਾ ਗਿਆ ਹੈ। ਜਿਹੜੀ ਅਸੀਂ ਜੁਲਾਈ, 2025 ਵਿੱਚ ਸਿਲੈਕਟ ਕਮੇਟੀ ਬਣਾਈ ਸੀ, ਉਸ ਦਾ ਵੀ ਅਗਰ ਆਪਾਂ ਇੰਤਜ਼ਾਰ ਕਰ ਲੈਂਦੇ ਤਾਂ ਚੰਗਾ ਸੀ ਅਤੇ ਜੇ ਇਹੀ ਅਮੈਂਡਮੈਂਟ ਬਿਲ ਹੀ ਲਿਆਉਣਾ ਸੀ ਤਾਂ ਸਿਲੈਕਟ ਕਮੇਟੀ ਬਣਾਉਣ ਦੀ ਜ਼ਰੂਰਤ ਨਹੀਂ ਸੀ। ਮੈਂ ਇਸ ਕਰਕੇ ਕਹਿੰਦਾ ਹਾਂ ਕਿ ਅਸੀਂ ਇਸ ਵਿੱਚ ਹੋਰ ਕਾਨੂੰਨੀ ਰਾਇ ਲੈ ਲਈਏ ਤਾਂ ਕਿ ਇਸ ਵਿੱਚ ਕੋਈ ਖਲਾਅ ਨਾ ਰਹਿ ਜਾਵੇ ਕਿਉਂਕਿ ਜਿਸ ਵੇਲੇ ਜਦੋਂ ਕੋਈ ਬੇਅਦਬੀ ਹੁੰਦੀ ਹੈ ਤਾਂ ਕੋਈ ਵੀ ਪੰਜਾਬੀ ਹੋਵੇ, ਉਸ ਵੇਲੇ ਸਾਰਿਆਂ ਦੇ ਮਨਾਂ ਨੂੰ ਚੋਟ ਲਗਦੀ ਹੈ। ਮੈਂ ਚਾਹੁੰਦਾ ਹਾਂ ਕਿ ਉਹ ਚੋਟ ਦੁਬਾਰਾ ਨਾ ਲੱਗੇ। ਇਸ ਲਈ ਕਾਨੂੰਨੀ ਪਹਿਲੂਆਂ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਪ੍ਰਾਪਤ ਕਰਕੇ,

**1320/harpreet singh**

ਸਲਾਹ ਲੈ ਕੇ ਇਹ ਬਿਲ ਪਾਸ ਕਰਨਾ ਚਾਹੀਦਾ ਹੈ। ਜਿਹੜੀ ਸਜ਼ਾ ਇਸ ਬਿਲ ਵਿਚ ਲਿਆਂਦੀ ਗਈ ਹੈ। ਮੈਂ ਸਮਝਦਾ ਹਾਂ ਕਿ ਇਸ ਸਜ਼ਾ ਨਾਲ ਕੋਈ ਬੰਦਾ 10 ਜਨਮਾਂ ਤੱਕ ਬੇਅਦਬੀ ਕਰਨ ਬਾਰੇ ਨਹੀਂ ਸੋਚੇਗਾ। ਮੈਂ ਸਾਰੇ ਹਾਊਸ ਨੂੰ ਇਸ ਦੀ ਵਧਾਈ ਦਿੰਦਾ ਹਾਂ ਅਤੇ ਇਸ ਬਿਲ ਦਾ ਸਮਰਥਨ ਕਰਦਾ ਹਾਂ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਅੱਜ ਖਾਲਸਾ ਪੰਥ ਦੇ ਸਾਜਨਾਂ ਦਿਵਸ ਅਤੇ ਵਿਸਾਖੀ ਦੀ ਸਮੁੱਚੇ ਵਿਸ਼ਵ ਵਾਸੀਆਂ ਨੂੰ ਬਹੁਤ ਵਧਾਈ। ਸਪੀਕਰ ਸਾਹਿਬ, ਅੱਜ ਜਿਹੜਾ ਬਿਲ ਮਾਣਯੋਗ ਮੁੱਖ ਮੰਤਰੀ, ਪੰਜਾਬ ਲੈ ਕੇ ਆਏ ਹਨ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀ ਅਮੈਂਡਮੈਂਡ, ਜੋ ਕਿ 2026 ਵਿਚ ਅੱਜ ਪੇਸ਼ ਕੀਤੀ ਗਈ ਹੈ। ਇਸ ਬਿਲ ਤੇ ਬੋਲਣ ਦਾ ਮੌਕਾ ਦੇਣ ਲਈ ਸਪੀਕਰ ਸਾਹਿਬ ਤੁਹਾਡਾ ਬਹੁਤ ਧੰਨਵਾਦ। ਸਪੀਕਰ ਸਾਹਿਬ ਇਸ ਬਿਲ ਦਾ ਮੰਤਵ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਜਾਂ ਸਪਲਾਈ ਐਸ.ਜੀ.ਪੀ.ਸੀ. ਵੱਲੋਂ ਅਧਿਕਾਰਤ ਸਿੱਖ ਰਹਿਤ ਮਰਿਆਦਾ ਅਨੁਸਾਰ ਪਵਿੱਤਰਤਾ ਅਤੇ ਸਤਿਕਾਰ ਨੂੰ ਯਕੀਨੀ ਬਣਾਉਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਰੋਕਥਾਮ ਅਤੇ ਇਨ੍ਹਾਂ ਮਾਮਲਿਆਂ ਵਿਚ ਕਸਟੋਡੀਅਨ ਅਰਥਾਤ ਸਾਂਭ ਸੰਭਾਲ, ਕਿਸੇ ਵਿਅਕਤੀ ਜਾਂ ਸੰਸਥਾਵਾਂ ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਜਿਸ ਨੂੰ ਮਹਾਰਾਜ ਦੇ ਸਰੂਪ ਸਪਲਾਈ ਕੀਤੇ ਗਏ, ਉਹ ਇਨ੍ਹਾਂ ਦੀ ਰਹਿਤ ਮਰਿਆਦਾ ਦਾ ਖਿਆਲ ਰੱਖੇਗਾ। ਕਿਸੇ ਵੀ ਤਰ੍ਹਾਂ ਦਾ ਨੁਕਸਾਨ, ਫਿਜ਼ੀਕਲ ਨੁਕਸਾਨ, ਕਿਸੇ ਹਿੱਸੇ ਨੂੰ ਪਾੜਨਾ, ਜਲਾਉਣਾ, ਚੋਰੀ ਕਰਨਾ, ਬੋਲ ਕੇ, ਲਿਖ ਕੇ, ਇਸ਼ਾਰਿਆਂ ਨਾਲ ਜਾਂ ਇਸ ਨਾਲ ਛੇੜਛਾੜ ਕਰਨਾ, ਇਲੈਕਟ੍ਰਾਨਿਕ ਸਾਧਨਾਂ ਨਾਲ ਜਾਂ ਕਿਸੇ ਹੋਰ ਤਰੀਕੇ ਨਾਲ ਸਿੱਖ ਧਰਮ ਨੂੰ ਠੇਸ ਪਹੁੰਚਾਣਾ ਇਸ ਬਿਲ ਵਿਚ ਸ਼ਾਮਲ ਹੈ। ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਜਾਂ ਸਪਲਾਈ ਦਾ ਰਿਕਾਰਡ ਮੈਨਟੇਨ ਕਰਨਾ ਐਕਟ ਲਾਗੂ ਹੋਣ ਦੇ 45 ਦਿਨਾਂ ਵਿਚ ਵੈਬਸਾਈਟ ਤੇ ਇਸ ਨੂੰ ਅੱਪਡੇਟ ਕਰਨਾ। ਐਸ.ਜੀ.ਪੀ.ਸੀ. ਇਕ ਯੂਨੀਕ ਆਈ.ਡੀ. ਛਾਪੇਗੀ, ਛਾਪਣ ਦੀ ਤਾਰੀਖ, ਪਲੇਸ, ਸਟੋਰੇਜ ਆਫ਼ ਪਲੇਸ ਇਹ ਸਾਰੀਆਂ ਗੱਲਾਂ ਇਸ ਕਾਨੂੰਨ ਦੇ ਤਹਿਤ ਲਿਆਂਦੀਆਂ ਗਈਆਂ। ਮਾਣਯੋਗ

ਸਪੀਕਰ ਸਾਹਿਬ, ਇਸ ਕਾਨੂੰਨ ਵਿਚ ਅਪਰਾਧੀ, ਸਾਜਸ਼ ਕਰਤਾ ਦੇ ਖਿਲਾਫ਼ 7 ਤੋਂ ਲੈ ਕੇ 20 ਸਾਲ ਦੀ ਸਖਤ ਸਜ਼ਾ ਅਤੇ 2 ਲੱਖ ਤੋਂ 25 ਲੱਖ ਤੱਕ ਦਾ ਜੁਰਮਾਨੇ ਦਾ ਪ੍ਰਾਵਧਾਨ ਹੈ। ਸਪੀਕਰ ਸਾਹਿਬ, ਇਸ ਕਾਨੂੰਨ ਦੇ ਤਹਿਤ ਸਿੱਖ ਰਹਿਤ ਮਰਿਆਦਾ ਨੂੰ ਬਹਾਲ ਰੱਖਣ ਦੀ ਗੱਲ ਕੀਤੀ ਗਈ ਹੈ। ਜਿਸ ਤਰ੍ਹਾਂ ਪੰਜਾਬ ਵਿਚ ਹਿੰਦੂ, ਦਲਿਤ, ਪੱਛੜਾ, ਮੋਨਾ, ਸਹਿਜਧਾਰੀ ਆਪਣੇ ਰੀਤੀ ਰਿਵਾਜਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦਾ ਹੈ। ਇਸ ਵਿਚ ਆਸਥਾ ਰੱਖਦਾ ਹੈ, ਕਿਤੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਪਰੇ ਨਾ ਕੀਤਾ ਜਾਵੇ, ਇਹ ਵੀ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ। ਸਾਜਿਸ਼ ਕਰਤਾ ਦੇ ਖਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਅਸੀਂ ਇਸ ਨਾਲ ਸਹਿਮਤ ਹਾਂ ਪਰ ਇਸ ਦੀ ਆੜ ਦੀ ਹੇਠ ਨਜਾਇਜ਼ ਨਹੀਂ ਹੋਣੀ ਚਾਹੀਦੀ। ਜਿਸ ਤਰ੍ਹਾਂ ਸਾਡੇ ਗੁਆਂਢੀ ਮੁਲਕ ਨੇ 295 ਡਬਲ ਏ ਦੀ ਦੁਰਵਰਤੋਂ ਕਰਕੇ ਹਿੰਦੂ, ਘੱਟ ਗਿਣਤੀਆਂ ਅਤੇ ਵਿਰੋਧੀ ਆਗੂਆਂ ਤੇ ਨਿਸ਼ਾਨਾ ਬਣਾਇਆ, ਇਸ ਤੋਂ ਬਚਣਾ ਚਾਹੀਦਾ ਹੈ। ਪੰਜਾਬ ਦੇ ਸਾਰੇ ਧਰਮਾਂ ਦੇ ਗ੍ਰੰਥਾਂ ਅਤੇ ਅਜ਼ਾਦੀ ਘੁਲਾਟੀਆਂ, ਮਹਾਂਪੁਰਸ਼ਾਂ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤਾਂ ਦੀ ਬੇਅਦਬੀ ਤੇ ਵੀ ਸਾਨੂੰ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਤੁਸੀਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਬਹਿਬਲ ਕਲਾਂ ਅਤੇ ਬਰਗਾੜੀ ਦੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਤੁਸੀਂ ਕੀ ਕੀਤਾ, ਇਹ ਪੰਜਾਬ ਦੇ ਲੋਕ ਹੋਰ ਵਿਸਤਾਰ ਨਾਲ ਜਾਣਨਾ ਚਾਹੁੰਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੇਰੇ ਤੋਂ ਪਹਿਲਾਂ ਕਈ ਸਾਥੀ ਕਹਿੰਦੇ ਸੀ ਕਿ ਇਹ ਐਕਟ ਆਉਣ ਵਾਲੇ ਸਮੇਂ ਵਿਚ ਹੋਣ ਵਾਲੀਆਂ ਬੇਅਦਬੀਆਂ ਤੇ ਲਾਗੂ ਹੋਵੇਗਾ ਪਰ ਪਿਛਲੀਆਂ ਘਟਨਾਵਾਂ ਤੇ ਨਹੀਂ ਲਾਗੂ ਹੋਵੇਗਾ। ਮੈਂ ਸਮਝਦਾ ਹਾਂ ਕਿ ਜੇਕਰ ਪਿਛਲੀਆਂ ਸਰਕਾਰਾਂ ਨੇ ਇਹ ਐਕਟ ਪਹਿਲਾਂ ਲਿਆਂਦਾ ਹੁੰਦਾ ਤਾਂ ਉਨ੍ਹਾਂ ਦੋਸ਼ੀਆਂ ਨੂੰ ਵੀ ਇਸ ਐਕਟ ਤਹਿਤ ਸਜ਼ਾ ਮਿਲ ਸਕਦੀ ਸੀ। ਅੱਜ ਇਸ ਸਦਨ ਵਿਚ ਜਿਹੜਾ ਬਿਲ ਮਾਣਯੋਗ ਮੁੱਖ ਮੰਤਰੀ ਜੀ ਲੈ ਕੇ ਆਏ ਹਨ, ਮੈਂ ਆਪਣੀ ਬਹੁਜਨ ਸਮਾਜ ਪਾਰਟੀ ਵੱਲੋਂ ਉਸ ਦਾ ਸਮਰਥਨ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਇਸ ਬਿਲ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਕੈਪਟਨ ਸਾਹਿਬ ਨੇ ਇਸ ਮੁੱਦੇ ਤੇ 7 ਘੰਟੇ ਬਹਿਸ ਕਰਵਾਈ ਸੀ ਤੇ ਸੀ.ਬੀ.ਆਈ. ਵਾਲੇ ਇਸ ਮਾਮਲੇ ਤੇ ਕਲੋਜ਼ਰ ਰਿਪੋਰਟ ਦੇਣ ਲੱਗੇ ਸੀ। ਉਸ ਵੇਲ ਸਪੀਕਰ ਸਾਹਿਬ, ਤੁਸੀਂ ਵੀ ਇੱਥੇ ਸੀ, ਚੀਮਾ ਸਾਹਿਬ ਵੀ ਇੱਥੇ ਹੀ ਸੀ। ਇਸ ਸਦਨ ਵਿਚ ਮਤਾ ਪਾਸ ਕੀਤਾ ਗਿਆ ਸੀ ਕਿ ਸਰਕਾਰ ਸੀ.ਬੀ.ਆਈ. ਕੋਲੋਂ ਇਹ ਕੇਸ ਵਾਪਸ ਲੈ ਕੇ ਪੰਜਾਬ ਸਰਕਾਰ ਖੁਦ ਇਸ ਦੀ ਜਾਂਚ ਕਰੇ। ਉਹ ਮਤਾ ਪਾਸ ਹੋਇਆ ਪਰ ਇਸ ਦੇ ਬਾਵਜੂਦ ਵੀ ਸੀ.ਬੀ.ਆਈ. ਨੇ ਕਲੋਜ਼ਰ ਰਿਪੋਰਟ ਦੇ ਦਿੱਤੀ।

**1320/harpreet singh/Monika sharma**

**1325/amandeep kaur**

ਕਿ conspiracy ਨਹੀਂ ਹੋਈ, ਕੁਝ ਨਹੀਂ ਹੋਇਆ। ਉਸ ਵੇਲੇ ਕਾਂਗਰਸ ਸਰਕਾਰ ਸੁਪਰੀਮ ਕੋਰਟ ਤੱਕ ਲੜੀ ਕਿ Closure report ਗਲਤ ਹੈ। ਉਨ੍ਹਾਂ ਨੇ ਆਖਿਆ ਕਿ ਤੁਸੀਂ ਆਪਣੀ ਇਨਕੁਆਰੀ ਸ਼ੁਰੂ ਕਰੋ। ਇਨਕੁਆਰੀ ਸ਼ੁਰੂ ਕਰਨ ਤੇ ਸਿਟ ਬਣੀ ਤੇ ਜਿਹੜੇ ਅਫਸਰਾਂ ਦੇ ਨਾਂ ਲਏ ਗਏ ਜਿਹੜੇ ਅੱਜ ਜ਼ਮਾਨਤ ਤੇ ਹਨ, ਉਹ ਫੜ੍ਹੇ ਗਏ। ਉਸ ਸਰਕਾਰ ਵੇਲੇ ਫੜੇ ਗਏ। ਤੁਸੀਂ ਮਾਨ ਸਾਹਿਬ ਵਧੀਆ ਕੰਮ ਕਰ ਰਹੇ ਹੋ, ਅਸੀਂ ਸਾਰੇ ਤੁਹਾਨੂੰ ਸਪੋਰਟ ਕਰਦੇ ਹਾਂ। ਅਸੀਂ ਬਿਲ ਦੇ ਨਾਲ ਹਾਂ। ਪਰ ਜਿਹੜੀ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਗੱਲ ਹੈ ਕਿ ਜਿਹੜੀ ਬੇਅਦਬੀ ਦਾ ਮਸਲਾ ਬਰਗਾੜੀ ਤੋਂ ਉੱਠਿਆ ਸੀ ਉਸ ਦਾ ਅੱਜ ਕੀ ਬਣਿਆ ਹੈ? ਕੀ ਉਨ੍ਹਾਂ ਨੂੰ ਸਜ਼ਾ ਮਿਲੇਗੀ ਕਿ ਨਹੀਂ ਮਿਲੇਗੀ? ਉਹ ਕਿੱਥਰ ਗਏ। ਕਿਤੇ ਸਾਰੇ ਬਾਹਰ ਤਾਂ ਨਹੀਂ ਚਲੇ ਗਏ। Kindly ਉਸ ਕੇਸ ਨੂੰ ਵੀ ਸੀਰੀਅਸਲੀ ਲਉ, ਲੋਕਾਂ ਦੀ ਇਹ ਮੰਗ ਹੈ। ਦੂਜੀ ਗੱਲ ਮਾਨ ਸਾਹਿਬ ਇਹ ਹੈ ਕਿ ਰੱਬ ਨਾ ਕਰੇ ਜੇ ਕੋਈ ਅਜਿਹੀ ਵਾਹਿਆਤ ਘਟਨਾ ਮੁੜ ਕੇ ਹੋ ਜਾਂਦੀ ਹੈ, ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਰਕੇ ਪਾੜ ਦਿੰਦਾ ਹੈ, ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ case property ਬਣ ਗਏ। ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿੱਥੇ ਰੱਖਣਾ, ਉਸ ਦੀ ਕਿਸ ਤਰ੍ਹਾਂ ਦੀ ਮਰਿਆਦਾ ਹੋਣੀ ਹੈ, ਇਸ ਗੱਲ ਬਾਰੇ ਜ਼ਰੂਰ ਵਿਚਾਰ ਕਰ ਲਿਉ। ਇਸ ਸਬੰਧੀ ਹੁਣ ਤੱਕ ਤੁਸੀਂ ਕੁਝ ਨਹੀਂ ਭੇਜਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੀ ਉਦੋਂ ਗੁਰਦੁਆਰੇ ਰੱਖਣਾ ਹੈ, ਕੀ ਉਨ੍ਹਾਂ ਨੂੰ ਥਾਣੇ ਰੱਖਣਾ ਹੈ ਕਿ ਮਜਿਸਟਰੇਟ ਦੇ ਕੋਲ ਰੱਖਣਾ ਹੈ, ਇਸ ਗੱਲ ਵੱਲ ਜ਼ਰੂਰ ਧਿਆਨ ਕਰ ਲਿਉ।

**ਮਾਣਯੋਗ ਸਪੀਕਰ:** ਬਾਜਵਾ ਜੀ, ਆਪਾਂ ਸੋਚ ਵੀ ਨਹੀਂ ਸਕਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਥਾਣੇ ਰੱਖਿਆ ਜਾਵੇਗਾ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਜਿਹੜੀ ਗੱਲ ਕੱਲ੍ਹ ਨੂੰ ਉੱਠਣੀ ਹੈ, ਆਪਾਂ ਉਸ ਦੇ ਬਾਰੇ ਅੱਜ ਸੋਚ ਲਈਏ। ਇਹ ਮਾੜੀ ਗੱਲ ਹੈ।

**ਮੁੱਖ ਮੰਤਰੀ (ਬੈਠੇ ਬੈਠੇ):** ਕੁਝ ethics ਦੀਆਂ ਗੱਲਾਂ ਵੀ ਹੁੰਦੀਆਂ ਹਨ, ਹਰ ਗੱਲ ਲਿਖ ਕੇ ਨਹੀਂ ਹੁੰਦੀ ਹੈ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਠੀਕ ਹੈ ਜੀ, ਮੇਰੇ ਜੋ ਮਨ ਵਿੱਚ ਗੱਲ ਸੀ, ਮੈਂ ਕਹਿ ਦਿੱਤੀ ਹੈ।

**ਮੁੱਖ ਮੰਤਰੀ (ਬੈਠੇ ਬੈਠੇ):** ਇਹ ਤਾਂ ਬਿਲ ਹੈ, ਇਸ ਦੇ ਰੂਲਾਂ ਵਿੱਚ ਸਾਰੇ ਕਲਾਜ਼ ਲਿਖੇ ਹੋਣੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਰਕੇ ਨਹੀਂ ਹੁੰਦੇ ਹਨ, ਅੰਗ ਹੁੰਦੇ ਹਨ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਜਿਹੜੀ ਗੱਲ ਸਾਡੇ ਮਨ ਵਿੱਚ ਸੀ, ਇਹ ਸਾਨੂੰ ਰੱਖਣ ਦਾ ਮਨ ਸੀ, ਅਸੀਂ ਰੱਖ ਦਿੱਤੀ ਹੈ। ਹੁਣ ਇਸ ਦਾ ਧਿਆਨ ਰੱਖਣਾ ਤੁਹਾਡਾ ਕੰਮ ਹੈ। ਸਰਕਾਰ ਬਿਲ ਬਣਾ ਰਹੀ ਹੈ, ਰੂਲਜ਼ ਵੀ ਬਣਾਉਣੇ ਹਨ ਪਰ ਇਸ ਗੱਲ ਦਾ ਧਿਆਨ ਰੱਖਿਉ। ਅਸੀਂ ਸਾਰੇ ਤੁਹਾਡੇ ਨਾਲ ਹਾਂ ਪਰ ਜਿਹੜੇ ਪਿਛਲੇ ਗੁਨਾਹਗਾਰ ਹਨ, ਉਹ ਕਿਸੇ ਤਰ੍ਹਾਂ ਬਖਸ਼ੇ ਨਾ ਜਾਣ, ਇਸ ਪਾਸੇ ਧਿਆਨ ਦਿਉ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ important bill ਦੇ ਉੱਪਰ ਬੋਲਣ ਦਾ ਮੌਕਾ ਦਿੱਤਾ ਹੈ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2026, ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਇਹ ਹੈਸੀਅਤ ਹੀ ਨਹੀਂ ਹੈ ਕਿ ਮੈਂ ਇਸ ਬਿਲ ਤੇ ਕੋਈ ਵੀ ਸੁਝਾਅ ਜਾਂ suggestion ਦੇ ਸਕਾਂ। ਮੈਂ ਧਾਰਮਿਕ ਮਸਲਿਆਂ ਵਿੱਚ ਮਾਹਿਰ ਨਹੀਂ ਹਾਂ। ਜੇਕਰ ਮੇਰੇ ਤੋਂ ਜਾਣੇ-ਅਣਜਾਨੇ ਵਿੱਚ ਕੋਈ ਵੀ ਗਲਤੀ ਹੋ ਜਾਏ ਤਾਂ ਮੈਂ ਸਮੂਹ ਪੰਜਾਬੀਆਂ ਅਤੇ ਸਦਨ ਤੋਂ ਪਹਿਲਾਂ ਇਸ ਗੱਲ ਦੀ ਮੁਆਫੀ ਮੰਗਦਾ ਹਾਂ। ਸਰ, ਗੁਰੂ ਨਾਨਕ ਸਾਹਿਬ, ਸਭ ਤੋਂ ਵੱਧ ਸਮਾਂ ਸੁਲਤਾਨਪੁਰ ਲੋਧੀ ਦੀ ਧਰਤੀ ਤੇ ਰਹੇ ਹਨ। ਉਨ੍ਹਾਂ ਦੀ ਕਿਰਪਾ ਨਾਲ ਅੱਜ ਮੈਨੂੰ ਇਸ ਸਦਨ ਦੇ ਵਿੱਚ ਆਉਣ ਦਾ ਮੌਕਾ ਮਿਲਿਆ। ਇਹ ਉਹ ਧਰਤੀ ਹੈ ਜਿੱਥੇ ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ ਦਾ ਉਚਾਰਨ ਕੀਤਾ ਹੈ। ਸਰ, ਇਹ ਬਿਲ ਕਈ ਵਾਰ ਪਹਿਲਾਂ ਪੇਸ਼ ਹੋ ਚੁੱਕਿਆ ਹੈ, ਅਕਾਲੀ ਦਲ ਦੀ ਸਰਕਾਰ ਵਿੱਚ ਵੀ, ਕਾਂਗਰਸ ਦੀ ਸਰਕਾਰ ਵਿੱਚ ਵੀ ਅਤੇ ਅੱਜ ਆਪ ਜੀ ਦੀ ਸਰਕਾਰ ਵਿੱਚ ਵੀ ਪੇਸ਼ ਹੋ ਰਿਹਾ ਹੈ। ਸਰ, ਗੁਰੂ ਨਾਨਕ ਸਾਹਿਬ ਜੀ ਦਾ 557 ਪ੍ਰਕਾਸ਼ ਦਿਹਾੜਾ ਅਸੀਂ ਪਿਛਲੀ ਵਾਰ ਮਨਾਇਆ ਅਤੇ 557 ਸਾਲਾਂ ਵਿੱਚ ਪਹਿਲੀ ਵਾਰ ਇਸ ਟਾਈਪ ਦਾ ਬਿਲ ਪੰਜਾਬ ਦੀ ਵਿਧਾਨ ਸਭਾ ਦੇ ਵਿੱਚ ਅਪਰੂਵ ਹੋ ਰਿਹਾ ਹੈ। ਸਰ, ਬਿਲ ਪਿਛਲੀ ਵਾਰ ਵੀ ਆਇਆ ਤੇ ਤੁਸੀਂ ਇੱਕ ਕਮੇਟੀ ਬਣਾ ਦਿੱਤੀ ਜਿਹੜੀ ਉਸ ਬਿਲ ਨੂੰ ਐਨਾਲਾਈਜ਼ ਕਰੇਗੀ

**1325/amandeep kaur/Monika sharma**

**1330/Tarlochan Singh**

ਅਤੇ ਸਾਰਿਆਂ ਨਾਲ ਰਾਇ ਕਰਕੇ, ਵਿਧਾਨ ਸਭਾ ਵਿੱਚ ਰਿਪੋਰਟ ਪੇਸ਼ ਕਰੇਗੀ। ਸਪੀਕਰ ਸਾਹਿਬ, ਕਮੇਟੀ ਬਣੀ ਪਰ ਉਸ ਦੀ ਰਿਪੋਰਟ ਟੇਬਲ ਨਹੀਂ ਹੋਈ। ਇਹ ਬਿਲ ਆਮ ਬਿਲਾਂ ਵਰਗਾ ਨਹੀਂ ਹੈ। ਵਿਧਾਨ ਸਭਾ ਕਈ ਬਿਲ ਪਾਸ ਕਰਦੀ ਹੈ, ਕੋਈ ਮਹੀਨੇ ਬਾਅਦ ਅਮੈਂਡ ਕਰ ਲਿਆ, ਕੋਈ ਦੋ ਮਹੀਨੇ ਬਾਅਦ ਤੇ ਕੋਈ ਸਾਲ ਮਗਰੋਂ ਅਮੈਂਡ ਕਰ ਲਿਆ। ਸਭ ਤੋਂ ਪਹਿਲਾਂ ਉਹ ਰਿਪੋਰਟ ਟੇਬਲ ਹੋਣੀ ਚਾਹੀਦੀ ਹੈ ਅਤੇ ਇਸ ਹਾਊਸ ਵਿੱਚ ਉਸ ਰਿਪੋਰਟ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ਕਿ ਜਿਹੜੇ ਕਮੇਟੀ ਦੇ ਮੈਂਬਰ ਹਨ ਉਨ੍ਹਾਂ ਨੇ ਕਿਨ੍ਹਾਂ-ਕਿਨ੍ਹਾਂ ਨੂੰ ਕੰਸਲਟ ਕੀਤਾ ਹੈ? ਕੀ ਧਾਰਮਿਕ ਸੰਸਥਾਵਾਂ ਨੂੰ ਕੰਸਲਟ ਕੀਤਾ ਹੈ? ਕੀ ਐਸ.ਜੀ.ਪੀ.ਸੀ. ਨੂੰ ਕੰਸਲਟ ਕੀਤਾ ਹੈ? ਸਾਡੇ ਸਿੱਖਾਂ ਦੀ ਸਿਰਮੌਰ ਸੰਸਥਾ, ਅਕਾਲ ਤਖਤ ਸਾਹਿਬ, ਕੀ ਕਮੇਟੀ ਅਕਾਲ ਤਖਤ ਸਾਹਿਬ ਕੋਲ ਗਈ ਹੈ?

**ਮਾਣਯੋਗ ਸਪੀਕਰ** : ਕਨਕਲੂਡ ਕਰੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਇਸ ਤੋਂ ਵੱਡਾ ਕੋਈ ਹੋਰ ਮਸਲਾ ਨਹੀਂ ਹੈ। ਮੈਂ ਦੋ ਹੀ ਮਿੰਟ ਲੈਣੇ ਹਨ।

**ਮਾਣਯੋਗ ਸਪੀਕਰ** : ਐਸ.ਜੀ.ਪੀ.ਸੀ. ਨੂੰ ਇਹ ਪੁੱਛੀਏ ਕਿ ਕੀ ਗੁਰੂ ਦੀ ਗੋਲਕ ਵਿੱਚੋਂ ਮੁਆਫੀ ਵਾਲੇ ਇਸ਼ਤਿਹਾਰ ਦੇਣੇ ਹਨ? (ਵਿਘਨ) ਸੀ.ਐਮ. ਸਾਹਿਬ ਕੁਝ ਕਹਿ ਰਹੇ ਹਨ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਐਮ.ਐਲ.ਏ. ਸਾਹਿਬ ਤੁਸੀਂ ਇੱਥੇ ਮੌਜੂਦ ਸੀ ਜਦੋਂ ਮੈਂ ਇਸ ਗੱਲ ਦਾ ਜਵਾਬ ਦਿੱਤਾ ਸੀ। ਮੈਂ ਹੁਣ ਤੀਜੀ ਵਾਰ ਜਵਾਬ ਦੇਣ ਲੱਗਾ ਹਾਂ ਕਿ ਉਸ ਕਮੇਟੀ ਨੂੰ ਇਸ ਦੇ ਨਾਲ ਨਾ ਰਲਾਉ। ਇਸ ਨੂੰ ਉਸ ਦੇ ਨਾਲ ਰਲ-ਗੱਡ ਨਾ ਕਰੋ, ਇਹ ਡਿਫਰੈਂਟ ਹੈ। ਉਹ ਕਮੇਟੀ ਹਾਲੇ ਚੱਲ ਰਹੀ ਹੈ, ਉਸ ਦੀ ਰਿਪੋਰਟ ਵੀ ਇੱਥੇ ਆਵੇਗੀ, ਉਸ ਤੇ ਡਿਸਕਸ਼ਨ ਵੀ ਹੋਵੇਗੀ ਤੇ ਤੁਹਾਨੂੰ ਮੌਕਾ ਵੀ ਮਿਲੇਗਾ। ਤੁਸੀਂ ਵਾਰ ਵਾਰ ਉਹੀ ਗੱਲਾਂ ਕਰੀ ਜਾ ਰਹੇ ਹੋ। ਮੈਂ ਇਸੇ ਗੱਲ ਦਾ ਤੀਜੀ ਵਾਰ ਜਵਾਬ ਦੇ ਰਿਹਾ ਹਾਂ ਕਿ ਉਸ ਕਮੇਟੀ ਦਾ ਇਸ ਨਾਲ ਕੋਈ ਲਿੰਕ ਨਹੀਂ ਹੈ।

**ਮਾਣਯੋਗ ਸਪੀਕਰ** : ਹਾਂ ਜੀ, ਮੈਂਬਰ ਸਾਹਿਬ।

**ਰਾਣਾ ਇੰਦਰ ਪ੍ਰਤਾਪ ਸਿੰਘ** : ਫਿਰ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਕਮੇਟੀ ਨੇ 9 ਮਹੀਨੇ ਕੀਤਾ ਕੀ ਹੈ? (ਵਿਘਨ)

**ਮੁੱਖ ਮੰਤਰੀ** : ਫਿਰ ਉਹੀ ਗੱਲ। (ਸ਼ੋਰ)

**ਮਾਣਯੋਗ ਸਪੀਕਰ** : ਕਮੇਟੀ ਦੱਸੇਗੀ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਆਪਾਂ ਬੇਅਦਬੀ ਦੀ ਗੱਲ ਕਰੀਏ ਤਾਂ ਕਿਸੇ ਵੀ ਧਾਰਮਿਕ ਗਰੰਥ ਦੀ ਮਰਿਆਦਾ ਦੀ ਉਲੰਘਣਾ ਕਰੀਏ ਤਾਂ ਆਪਾਂ ਮੰਨਦੇ ਹਾਂ ਕਿ ਬੇਅਦਬੀ ਹੋਈ ਹੈ। ਸਰ, ਧਾਰਮਿਕ ਮਰਿਆਦਾ ਕੌਣ ਡਿਸਾਈਡ ਕਰਦਾ ਹੈ? ਇਹ ਸਾਡਾ ਸੰਤ ਸਮਾਜ ਡਿਸਾਈਡ ਕਰਦਾ ਹੈ, ਸਾਡੀਆਂ ਧਾਰਮਿਕ ਸ਼ਖਸੀਅਤਾਂ, ਐਸ.ਜੀ.ਪੀ.ਸੀ. ਤੇ ਸਕਾਲਰਜ਼ ਡਿਸਾਈਡ ਕਰਦੇ ਹਨ। ਮੇਰਾ ਵਿਊ ਹੈ ਕਿ ਸ੍ਰੀ ਅਮਨ ਅਰੋੜਾ ਜੀ ਅਤੇ ਸਰਦਾਰ ਪਰਗਟ ਸਿੰਘ ਹੋਰਾਂ ਦੀ ਇੱਕ ਡਿਸਕਸ਼ਨ ਹੋ ਰਹੀ ਸੀ ਜਿਸ ਵਿੱਚ ਆਈ.ਪੀ.ਸੀ. ਬਾਰੇ ਡਿਸਕਸ ਹੋਇਆ ਹੈ। ਮੈਂ ਇੱਕ ਚੀਜ਼ ਚਾਹਾਂਗਾ ਕਿ ਇਹ ਵੀ ਡਿਸਕਸ ਕੀਤਾ ਜਾਵੇ ਕਿ ਇਹ ਸਟੇਟ ਐਕਟ ਹੈ ਅਤੇ ਜੇ ਸਟੇਟ ਤੋਂ ਬਾਹਰ ਬੇਅਦਬੀ ਹੁੰਦੀ ਹੈ ਤਾਂ ਫਿਰ ਕੀ ਹੋਵੇਗਾ? Have we taken that into account? Is is part of the Act? I am not aware, you will have to tell. ਸਰ, ਇਹ ਬਿਲ ਵਧੀਆ ਤਰੀਕੇ ਨਾਲ ਡਰਾਫਟ ਹੋਣਾ ਚਾਹੀਦਾ ਹੈ ਕਿਉਂਕਿ ਇਸ ਦਾ ਇਫੈਕਟ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤੇ ਹੋਣਾ ਹੈ।

ਮੈਂ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਆਪਾਂ ਇੱਥੇ 117 ਐਮ.ਐਲ.ਏ ਹਾਂ ਜਿਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ। ਸਾਡੇ ਵਿੱਚ ਕਿੰਨੇ ਐਮ.ਐਲ.ਏ. ਹਨ ਜਿਹੜੀ ਕਿ ਗਹਿਰੀ ਧਾਰਮਿਕ ਸਮਝ ਰੱਖਦੇ ਹਨ। ਮੈਂ ਨਹੀਂ ਰੱਖਦਾ ਹਾਂ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਕਨਕਲੂਡ ਕਰੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਧਾਰਮਿਕ ਮਸਲਿਆਂ ਤੇ ਫ਼ੈਸਲਾ ਲੈਣਾ ਹੈ।

**ਮਾਣਯੋਗ ਸਪੀਕਰ** : ਧੰਨਵਾਦ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਪੀਕਰ ਸਾਹਿਬ, just to conclude. *(interruptions)* ਭਾਅ ਜੀ, ਤੁਹਾਡੇ ਕੋਲ ਹੋਵੇਗੀ ਪਰੰਤੂ ਮੇਰੇ ਕੋਲ ਨਹੀਂ ਹੈ, ਮੈਂ ਤਾਂ ਆਪਣਾ ਪਾਸਾ ਦੱਸ ਦਿੱਤਾ ਹੈ। ਇਹ ਬੜਾ ਇੰਪਾਰਟੈਂਟ ਬਿਲ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਇਹ ਬੜਾ ਇੰਪਾਰਟੈਂਟ ਬਿਲ ਹੈ, ਸਪੀਕਰ ਸਾਹਿਬ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਸਾਰਿਆਂ ਦੇ ਵਿਊਜ਼ ਲੈਣ ਤੋਂ ਬਾਅਦ ਇਸ ਤੇ ਫ਼ੈਸਲਾ ਲੈਣਾ ਚਾਹੀਦਾ ਹੈ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਸਰਦਾਰ ਮਨਜੀਤ ਸਿੰਘ ਬਿਲਾਸਪੁਰ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਵਿਸਾਖੀ ਦੇ ਸ਼ੁਭ ਦਿਹਾੜੇ ਤੇ ਦੇਸ਼ ਵਿਦੇਸ਼ ਵਿੱਚ ਬੈਠੀਆਂ ਸਿੱਖ ਸੰਗਤਾਂ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਅੱਜ ਦੇ ਦਿਨ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ 13 ਅਪਰੈਲ, 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ ਸੱਭਿਆਚਾਰਕ ਤੌਰ ਤੇ ਵੀ ਇਹ ਦਿਨ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਮੈਂ ਸਾਡੇ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਅੱਜ ਵਿਸਾਖੀ ਵਾਲੇ ਬਹੁਤ ਹੀ ਪਵਿੱਤਰ ਤੇ ਇਤਿਹਾਸਕ ਦਿਹਾੜੇ ਤੇ ਵਿਧਾਨ ਸਭਾ ਦਾ ਸੈਸ਼ਨ ਬੁਲਾਇਆ ਹੈ। ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ ਬਿਲ ਲਿਆਂਦਾ ਹੈ।

**1330/Tarlochan Singh/Shubham jain**

**1335/mehak**

ਮਾਣਯੋਗ ਸਪੀਕਰ ਸਾਹਿਬ, ਸਾਡੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਸਾਂਝੀਵਾਲਤਾ ਦੀ ਗੱਲ ਕਰਦੇ ਹਨ, ਨਾਮ ਜਪਣ, ਕਿਰਤ ਕਰਨ ਤੇ ਵੰਡ ਛੱਕਣ ਦੀ ਗੱਲ ਕਰਦੇ ਹਨ, ਸੁਚੱਜੀ ਜੀਵਨ ਸੇਧ ਦਿੰਦੇ ਹਨ। ਫਿਰ ਸਾਡੇ ਸਮਾਜ ਦੇ ਕੁਝ ਲੋਕ ਕਿਉਂ ਗੁਰੂ ਸਾਹਿਬਾਨਾਂ ਦੀਆਂ ਬਾਣੀ ਦੀ ਬੇਅਦਬੀ ਕਰਦੇ ਹਨ ਤੇ ਫਿਰ ਕਿਉਂ ਅਜਿਹੇ ਲੋਕ ਸਮਾਜ ਅੰਦਰ ਨਫਰਤਾਂ ਫੈਲਾਉਂਦੇ ਹਨ ਤੇ ਕਿਉਂ ਅਜਿਹੇ ਲੋਕ ਭਰਾ ਮਾਰੂ ਜੰਗ ਦੇ ਹਾਲਾਤ ਬਣਾਉਂਦੇ ਹਨ? ਸਪੀਕਰ ਸਾਹਿਬ, 2015 ਦਾ ਉਹ ਮੰਜਰ ਅੱਜ ਵੀ ਯਾਦ ਕਰੀਏ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਤੇ ਹਿਰਦਾ ਵਲੂੰਧਰਿਆ ਜਾਂਦਾ ਹੈ। 1 ਜੂਨ, 2015 ਨੂੰ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਪਵਿੱਤਰ ਸਰੂਪ ਚੋਰੀ ਹੋ ਜਾਂਦਾ ਹੈ, ਫਿਰ 12 ਅਕਤੂਬਰ, 2015 ਨੂੰ ਪਿੰਡ ਬਹਿਬਲ ਕਲਾਂ ਦੀਆਂ ਗਲੀਆਂ ਵਿੱਚ ਅੰਗ

ਖਿਲਾਰੇ ਜਾਂਦੇ ਹਨ ਤੇ ਸਿੱਖ ਸੰਗਤਾਂ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਜੋ ਕੁਝ ਕਰਨਾ ਹੈ ਕਰ ਲਓ ਤਾਂ ਫਿਰ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਦੇ ਮਨਾਂ ਨੂੰ ਬਹੁਤ ਵੱਡੀ ਠੇਸ ਪਹੁੰਚਦੀ ਹੈ ਤੇ ਇਸ ਠੇਸ ਵਜੋਂ ਰੋਸ ਧਰਨੇ ਲਗਾਏ ਜਾਂਦੇ ਹਨ। ਪੰਥਕ ਸਰਕਾਰ ਵੱਲੋਂ ਧਰਨੇ ਦੇ ਰਹੀਆਂ ਸਿੱਖ ਸੰਗਤਾਂ ਤੇ ਲਾਠੀਚਾਰਜ ਕੀਤਾ ਜਾਂਦਾ ਹੈ, ਅੰਮ੍ਰਿਤ ਵੇਲੇ ਗੁਰਬਾਣੀ ਦਾ ਜਾਪ ਕਰ ਰਹੀਆਂ ਸਿੱਖ ਸੰਗਤਾਂ ਤੇ ਗੰਦੇ ਪਾਣੀ ਦੀਆਂ ਬੁਛਾਰਾਂ ਕੀਤੀਆਂ ਜਾਂਦੀਆਂ ਹਨ ਤੇ ਮੌਜੂਦਾ ਪੰਥਕ ਅਖਵਾਉਣ ਵਾਲੀ ਸਰਕਾਰ ਵੱਲੋਂ ਗੋਲੀਆਂ ਵੀ ਚਲਾਈਆਂ ਜਾਂਦੀਆਂ ਹਨ। ਅੰਤ ਵਿੱਚ ਦੋ ਸਿੱਖ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸ਼ਹੀਦ ਹੋ ਜਾਂਦੇ ਹਨ। ਸਰ, ਇਹ ਕੈਸਾ ਮੰਜਰ ਸੀ? ਸਰ, ਅਜਿਹੀਆਂ ਘਟਨਾਵਾਂ ਫਿਰ ਨਾ ਵਾਪਰਨ, ਇਸ ਨੂੰ ਰੋਕਣ ਲਈ ਸਾਡੇ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਬਕਾਇਦਾ ਇੱਕ ਸਿਲੈਕਟ ਕਮੇਟੀ ਬਣਾਈ ਅਤੇ ਇਸ ਕਮੇਟੀ ਨੇ ਬੜੀ ਮਿਹਨਤ ਕੀਤੀ ਤੇ ਸੀ.ਐਮ. ਸਾਹਿਬ ਨੂੰ ਰਿਪੋਰਟ ਪੇਸ਼ ਕੀਤੀ। ਮੈਂ ਇਸ ਕਮੇਟੀ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2026 ਵਿੱਚ ਜਿਹੜੀ ਸਜ਼ਾ ਸਾਲ ਤੋਂ ਉਮਰ ਕੈਦ ਦੀ ਕੀਤੀ ਗਈ ਹੈ ਤੇ ਜਿਹੜਾ ਜ਼ੁਰਮਾਨਾ ਪੰਜ ਲੱਖ ਤੋਂ 25 ਲੱਖ ਰੁਪਏ ਦਾ ਕੀਤਾ ਗਿਆ ਹੈ ਤੇ ਕਿਸੇ ਅਣਭੋਲ ਵਿਅਕਤੀ ਨੂੰ ਉਕਸਾ ਕੇ ਅਜਿਹਾ ਘਿਨਾਉਣਾ ਕੰਮ ਕਰਵਾਉਣ ਵਾਲੇ ਨੂੰ ਵੀ ਬਰਾਬਰ ਦਾ ਦੋਸ਼ੀ ਮੰਨਿਆ ਗਿਆ ਹੈ। ਇਸ ਨਾਲ ਅਜਿਹੇ ਲੋਕਾਂ ਦੇ ਮਨਾਂ ਅੰਦਰ ਡਰ ਪੈਦਾ ਹੋਵੇਗਾ ਤੇ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੁਕਣਗੀਆਂ। ਸੋ, ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ ਸਾਡੇ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦੇ ਇਸ ਫੈਸਲੇ ਤੋਂ ਦੇਸ਼ ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਬਹੁਤ ਖੁਸ਼ ਹਨ ਤੇ ਸੀ.ਐਮ. ਸਾਹਿਬ ਦੀ ਸ਼ਲਾਘਾ ਕਰਦੀਆਂ ਹਨ। ਸਰ, ਮੈਂ ਇਸ ਬਿਲ ਲਈ ਸੀ.ਐਮ. ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਤੇ ਇਸ ਬਿਲ ਦੀ ਪ੍ਰੋੜਤਾ ਵੀ ਕਰਦਾ ਹਾਂ। ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹੁਣ ਮੈਂ ਲੀਡਰ ਆਫ ਦਿ ਹਾਊਸ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਮੁਖਾਤਿਬ ਹੋਣ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਅੱਜ ਇਤਿਹਾਸਕ ਦਿਨ ਹੈ। ਸਾਡੇ ਇਤਿਹਾਸ ਵਿੱਚ ਵੀ 13 ਅਪ੍ਰੈਲ, 1699 ਨੂੰ ਖਾਲਸਾ ਦੀ ਸਾਜਨਾ ਕੀਤੀ ਗਈ ਸੀ ਤੇ 13 ਅਪ੍ਰੈਲ ਨੂੰ ਖਾਲਸਾ ਦੀ ਸਾਜਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਤਲੁਜ ਦਰਿਆ ਤੋਂ ਪਾਣੀ ਲੈ ਕੇ ਅੰਮ੍ਰਿਤ ਤਿਆਰ ਕੀਤਾ ਤੇ ਖਾਲਸਾ ਦੀ ਸਥਾਪਨਾ ਕੀਤੀ ਸੀ। ਸਪੀਕਰ ਸਾਹਿਬ, ਸਾਡੇ ਅਰਦਾਸ ਵਿੱਚ ਹਰ ਰੋਜ਼ ਲੱਖਾਂ ਸਪੀਕਰਾਂ ਵਿੱਚੋਂ ਕਰੋੜਾਂ ਵਾਰ ਇਹ ਸ਼ਬਦ ਉਚਰਿਆ ਜਾਂਦਾ ਹੈ ਕਿ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ, ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਜੀਵਤ ਗੁਰੂ ਦਾ ਦਰਜਾ ਦਿੱਤਾ ਹੋਇਆ ਹੈ। ਅਸੀਂ ਇਸੇ ਕਰਕੇ ਉਨ੍ਹਾਂ ਨੂੰ ਪੇਜ ਜਾਂ ਵਰਕੇ ਨਹੀਂ ਕਹਿੰਦੇ, ਉਨ੍ਹਾਂ ਨੂੰ ਅੰਗ ਕਹਿੰਦੇ ਹਾਂ। ਉਹ ਉਨ੍ਹਾਂ ਦੇ ਸਰੀਰ ਦੇ ਅੰਗ ਹਨ, 1430 ਪਾਵਨ ਅੰਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਸਿੱਖ ਗੁਰੂ

ਸਾਹਿਬਾਨ, ਭਗਤਾਂ, ਭੱਟਾਂ ਤੇ ਗੁਰ ਸਿੱਖਾਂ ਦੀ ਬਾਣੀ ਦਰਜ ਹੈ। ਮੈਂ ਕਹਿੰਦਾ ਹਾਂ ਕਿ ਇੱਕ ਇੱਕ ਅੰਗ ਵਿੱਚ ਜੋ ਸ਼ਬਦ ਲਿਖਿਆ ਹੋਇਆ ਹੈ, ਜੇ ਉਸ ਦੀ ਵਿਆਖਿਆ ਕਰਨ ਲੱਗ ਜਾਈਏ,

**1340/Sukhpiar Singh**

ਸਿਆਣੇ ਤੋਂ ਸਿਆਣੇ ਸਕਾਲਰ ਬੰਦੇ ਜਾਂ ਪ੍ਰੋਫੈਸਰ ਵੀ ਲਗਾ ਦੇਈਏ, ਇੱਕ ਸ਼ਬਦ ਦੀ ਵਿਆਖਿਆ ਲਈ ਵੀ ਬਹੁਤ ਸਮਾਂ ਚਾਹੀਦਾ ਹੋਵੇਗਾ ਕਿਉਂਕਿ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਇਹ ਗੱਲਾਂ ਉਸ ਵੇਲੇ ਕਿਵੇਂ ਲਿਖ ਦਿੱਤੀਆਂ ਹੋਣਗੀਆਂ, ਸਾਡੇ ਗੁਰੂ ਸਾਹਿਬ ਦੀ ਸੋਚ ਕਿੰਨੀ visionary ਹੋਵੇਗੀ ਕਿ -

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।*

ਕਦੋਂ ਲਿਖ ਦਿੱਤਾ ਸੀ ਜੀ? ਗੁਰੂ ਸਾਹਿਬ ਦਾ ਜਨਮ 1469 ਵਿੱਚ ਸੀ, 1539 ਵਿੱਚ ਜੋਤੀ ਜੋਤ ਹੈ, ਆਪਾਂ ਇਹ ਲਗਾ ਲੈਂਦੇ ਹਾਂ ਕਿ 1500 ਈਸਵੀ ਵਿੱਚ ਲਿਖ ਦਿੱਤਾ ਹੋਵੇਗਾ। ਸਪੀਕਰ ਸਾਹਿਬ, ਅੱਜ 2026 ਹੈ ਜੀ, 526 ਸਾਲ ਪਹਿਲਾਂ ਤਾਂ ਕੋਈ ਫੈਕਟਰੀ ਵੀ ਧੂੰਆਂ ਨਹੀਂ ਛੱਡਦੀ ਹੋਵੇਗੀ ਕਿਉਂਕਿ ਉਸ ਵੇਲੇ ਫੈਕਟਰੀ ਨਹੀਂ ਹੋਣੀ ਜਿਸ ਵੇਲੇ ਹਵਾ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ, ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ, ਉਸ ਵੇਲੇ ਤਾਂ ਮੇਰੇ ਹਿਸਾਬ ਨਾਲ ਕੋਈ ਫੈਕਟਰੀ ਨਹੀਂ ਹੋਣੀ ਜਾਂ ਸ਼ਹਿਰਾਂ ਵਿੱਚ ਸੀਵਰੇਜ ਨਹੀਂ ਹੋਣਾ ਜਿਹੜਾ ਸਿੱਧਾ ਨਦੀਆਂ, ਨਾਲਿਆਂ, ਦਰਿਆਵਾਂ ਵਿੱਚ ਡੰਪ ਕਰ ਦਿੱਤਾ ਜਾਂਦਾ ਹੋਣਾ। ਮਾਤਾ ਧਰਤਿ, ਧਰਤੀ ਨੂੰ ਮਾਤਾ ਦਰਜਾ ਦਿੱਤਾ ਹੈ, ਉਸ ਵੇਲੇ ਤਾਂ ਕੋਈ ਸਪਰੇਆਂ ਨਹੀਂ ਕਰਦੇ ਹੋਣਗੇ, ਕੋਈ ਯੂਰੀਆ, ਡੀ.ਏ.ਪੀ. ਜਾਂ ਕੋਈ ਹੋਰ ਖਾਦਾਂ ਨਹੀਂ ਪਾਈ ਜਾਂਦੀਆਂ ਹੋਣੀਆਂ। 526 ਸਾਲ ਪਹਿਲਾਂ ਗੁਰੂ ਸਾਹਿਬ ਨੇ ਕਿਹਾ ਸੀ ਕਿ ਇਹ ਤਿੰਨ ਦਰਜੇ ਕਾਇਮ ਰੱਖ ਲਵੋ, ਹਵਾ ਨੂੰ ਗੁਰੂ ਦਾ ਦਰਜਾ, ਪਾਣੀ ਨੂੰ ਪਿਤਾ ਦਾ ਦਰਜਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ। ਇਹੋ ਜਿਹੀਆਂ ਚੀਜ਼ਾਂ ਲਿਖੀਆਂ ਪਈਆਂ ਹਨ, ਸਾਡੇ ਕੋਲ ਇੰਨਾ ਵੱਡਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਹੈ ਔਰ ਸਭ ਦੀ ਆਸਥਾ ਹੈ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਲੈਣ ਜਾਂਦੇ ਹਾਂ, ਜੇ ਘਰੇ ਅਖੰਡ ਪਾਠ ਸਾਹਿਬ ਕਰਵਾਉਣਾ ਹੈ ਜਿਸ ਤਰ੍ਹਾਂ ਇਆਲੀ ਸਾਹਿਬ ਨੇ ਕਿਹਾ ਹੈ, ਬਕਾਇਦਾ ਤੌਰ ਤੇ ਗੁਰਸਿੱਖ ਬੰਦੇ, ਚੰਗੇ ਬੰਦਿਆਂ ਨੂੰ ਭੇਜਿਆ ਜਾਂਦਾ ਹੈ, ਅਸੀਂ ਅੱਗੇ ਪਾਣੀ ਛਿੜਕਦੇ ਹਾਂ, ਘੰਟੀ ਅਲਰਟ ਕਰਨ ਵਾਸਤੇ ਵਜਦੀ ਹੈ ਕਿ ਜਿੱਥੇ ਵੀ ਹੋ, ਜਿੱਥੇ ਵੀ ਕੰਨਾ ਵਿੱਚ ਘੰਟੀ ਦੀ ਆਵਾਜ਼ ਸੁਣਦੀ ਹੈ ਕਿ ਗੁਰੂ ਸਾਹਿਬ ਦੇ ਦਰਸ਼ਨ ਹੋ ਰਹੇ ਹੋਣ ਚਾਹੇ ਨਾ ਹੋ ਰਹੇ ਹੋਣ, ਕਿਸੇ ਹੋਰ ਗਲੀ ਵਿੱਚ ਹੋ ਜਾਂ ਘਰ ਵਿੱਚ ਕੰਮ ਕਰ ਰਹੇ ਹੋਣ, ਸਤਿਕਾਰ ਨਾਲ ਖੜ੍ਹੇ ਹੋ ਜਾਓ, ਮੱਥਾ ਟੇਕ ਲਵੋ, ਸਾਡੇ ਗੁਰੂ ਸਾਹਿਬ ਗਲੀ ਵਿੱਚੋਂ ਲੰਘ ਰਹੇ ਹਨ, ਰਸਤੇ ਵਿੱਚੋਂ ਲੰਘ ਰਹੇ ਹਨ। ਇੰਨਾ ਸਤਿਕਾਰ ਹੈ, ਫਿਰ ਜਦੋਂ ਗੁਰੂ ਸਾਹਿਬ ਦੀ ਬੀੜ ਘਰ ਆ ਜਾਂਦੀ ਹੈ, ਤਿੰਨ ਦਿਨ ਪਾਠ ਚੱਲਦਾ ਹੈ, ਨਿਰੰਤਰ ਅਖੰਡ ਪਾਠ ਚੱਲਦਾ ਹੈ, ਉਸ ਤੋਂ ਬਾਅਦ ਅਸੀਂ ਦੁਨਿਆਵੀ ਕੰਮ ਸ਼ੁਰੂ ਕਰਦੇ ਹਾਂ। ਕੋਈ ਮੁੰਡੇ ਦਾ ਸ਼ਗਨ ਹੈ, ਕੋਈ ਕਿਸੇ ਦੇ ਪਗੜੀ ਬੰਨਣ ਦੀ ਰਸਮ ਹੈ ਜਾਂ ਇੱਕ ਦੂਜੇ ਨੂੰ ਮਿਲਣ ਦਾ ਪ੍ਰੋਗਰਾਮ ਹੈ, ਕੋਈ ਵਿਆਹ ਸ਼ਾਦੀ ਦੇ ਸ਼ਗਨ ਹਨ, ਜਦੋਂ ਗੁਰੂ ਸਾਹਿਬ ਸੁੱਖ ਆਸਨ ਵਿੱਚ ਚਲੇ ਜਾਂਦੇ ਹਨ ਜਾਂ ਉਨ੍ਹਾਂ ਨੂੰ ਉੱਥੇ ਸੁਸ਼ੋਭਿਤ ਕਰ ਦਿੱਤਾ ਜਾਂਦਾ ਹੈ ਜਿਹੜੇ ਗੁਰਦੁਆਰਾ ਸਾਹਿਬ ਤੋਂ ਲੈ ਕੇ ਆਏ ਹਨ, ਇਹ ਸ਼ਰਧਾ ਸ਼ਾਇਦ ਹੀ ਕਿਸੇ ਹੋਰ ਧਰਮ ਦੇ ਗ੍ਰੰਥ ਵਿੱਚ ਇਸ ਤਰ੍ਹਾਂ ਦੀ ਸ਼ਰਧਾ ਹੋਵੇ ਕਿਉਂਕਿ ਜੀਵਤ ਮੰਨਿਆ ਜਾਂਦਾ ਹੈ। ਬਕਾਇਦਾ ਤੌਰ ਤੇ ਉਨ੍ਹਾਂ ਨੂੰ ਚੌਰ ਸਾਹਿਬ, ਬਕਾਇਦਾ ਤੌਰ ਤੇ

ਗਰਮੀਆਂ ਵਿੱਚ ਏ.ਸੀ., ਬਕਾਇਦਾ ਤੌਰ ਤੇ ਸਰਦੀਆਂ ਵਿੱਚ ਹੀਟਰ ਵਿੱਚ ਰੱਖਿਆ ਜਾਂਦਾ ਹੈ। ਗੁਰੂ ਸਾਹਿਬ ਸੁੱਖ ਆਸਨ ਤੇ ਜਾਂਦੇ ਹਨ ਫਿਰ ਉਨ੍ਹਾਂ ਨੂੰ ਪਾਲਕੀ ਦੇ ਰੂਪ ਵਿੱਚ ਲਿਆਂਦਾ ਜਾਂਦਾ ਹੈ, ਸਵੇਰੇ ਸਵੇਰੇ ਆਪਾਂ ਦੇਖਦੇ ਹਾਂ ਕਿ ਕਿੰਨਾ ਜ਼ਿਆਦਾ ਰਸ਼ ਸਵੇਰੇ ਚਾਰ ਵਜੇ ਹੁੰਦਾ ਹੈ, ਹਰ ਕੋਈ ਬੰਦਾ ਪਾਲਕੀ ਸਾਹਿਬ ਨੂੰ ਹੱਥ ਲਗਾ ਕੇ ਦੇਖਣਾ ਚਾਹੁੰਦਾ ਹੁੰਦਾ ਹੈ, ਸੋ, ਬਹੁਤ ਵੱਡੀ ਸ਼ਰਧਾ ਹੈ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਪਰ ਪਤਾ ਨਹੀਂ ਉਹ ਕਿਹੜੇ ਪੱਥਰ ਦਿਲ ਲੋਕ ਹੁੰਦੇ ਹੋਣਗੇ ਜਾਂ ਉਨ੍ਹਾਂ ਦਾ ਉਸ ਵੇਲੇ ਦਿਮਾਗ ਕਿੱਥੇ ਹੁੰਦਾ ਹੋਵੇਗਾ, ਕੀ ਉਨ੍ਹਾਂ ਦੀ ਬੁੱਧੀ ਭ੍ਰਿਸ਼ਟ ਹੁੰਦੀ ਹੋਵੇਗੀ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਬੇਅਦਬੀਆਂ ਕਰਦੇ ਹਨ ਜਾਂ ਧਮਕੀਆਂ ਲਿਖਦੇ ਹਨ ਕਿ ਕਰ ਲਓ ਕੀ ਕਰਨਾ ਹੈ ਜਾਂ ਗਲੀਆਂ ਵਿੱਚ ਉਨ੍ਹਾਂ ਅੰਗਾਂ ਨੂੰ ਰੋਲਦੇ ਹਨ - ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ - ਸਾਰੀ ਦੁਨੀਆਂ ਦੀ ਭਲਾਈ ਮੰਗਣ ਵਾਲਾ ਸਾਡੇ ਕੋਲ ਖਜ਼ਾਨਾ ਪਿਆ ਹੈ ਜੀ। ਜਦੋਂ ਮੈਨੂੰ ਮੁੱਖ ਮੰਤਰੀ ਦੇ ਤੌਰ ਤੇ ਅਜੇ ਚਾਰਜ ਸੰਭਾਲੇ ਨੂੰ ਕੁਝ ਮਹੀਨੇ ਹੀ ਹੋਏ ਸੀ ਤਾਂ ਮੈਨੂੰ ਸਿੱਖ ਸੰਸਥਾਵਾਂ ਵੱਲੋਂ ਇੱਕ ਗੱਲ ਧਿਆਨ ਵਿੱਚ ਲਿਆਂਦੀ ਗਈ ਕਿ ਜਿਹੜੀ ਪਾਲਕੀ ਸਾਹਿਬ ਵਿੱਚ ਗੁਰੂ ਸਾਹਿਬ ਨੂੰ ਲੈ ਕੇ ਜਾਂਦੇ ਹਨ, ਉਨ੍ਹਾਂ ਤੇ ਟੈਕਸ ਲੱਗਦਾ ਹੈ ਕਿ ਉਹ ਟੈਕਸ ਮੁਆਫ ਕਰ ਦਿਉ। ਮੈਂ ਕਿਹਾ ਕਿ ਇਹ ਅਜੇ ਤੱਕ ਕੀਤਾ ਨਹੀਂ ਗਿਆ ਜੀ? ਕਹਿੰਦੇ ਨਹੀਂ ਜੀ। ਮੈਂ ਕਿਹਾ ਜੀ ਕਿ ਹੁਣ ਤੱਕ ਗੁਰੂ ਸਾਹਿਬ ਦੇ ਨਾਮ ਤੇ ਵੋਟਾਂ ਤਾਂ ਬਹੁਤ ਮੰਗ ਲਈਆਂ ਗਈਆਂ ਹਨ, ਇਹ ਕੁਝ ਕੀਤਾ ਨਹੀਂ ਗਿਆ? ਕਹਿੰਦੇ ਨਹੀਂ ਜੀ। ਮੈਂ ਆ ਕੇ ਅਫਸਰਾਂ ਨੂੰ ਪੁੱਛਿਆ ਕਿ ਕਿੰਨਾ ਹੈ ਜੀ? ਕਹਿੰਦੇ ਸਾਲ ਦਾ 10 ਲੱਖ ਰੁਪਿਆ ਹੈ ਜੀ।

**1340/Sukhpiar Singh/Abhishek gautam**

**1345/Manika Rani**

ਮੈਂ ਕਿਹਾ ਕਿ ਆਪਾਂ ਇਹ ਕਿਉਂ ਨਹੀਂ ਕਰ ਰਹੇ ਹਾਂ। ਮੈਂ ਕਿਹਾ ਕਿ ਕੀ ਦਸ ਲੱਖ ਰੁਪਿਆ ਗੁਰੂ ਸਾਹਿਬ ਪ੍ਰਤੀ ਲੋਕਾਂ ਦੀ ਸ਼ਰਧਾ ਅਤੇ ਆਸਥਾ ਉਸ ਤੋਂ ਵੱਡਾ ਹੈ। ਉਹ ਕਹਿੰਦੇ ਕਿ ਦਸ ਲੱਖ ਰੁਪਏ ਕਰਕੇ ਨਹੀਂ ਹੈ। ਮੈਂ ਕਿਹਾ ਕਿ ਹੋਰ ਫਿਰ ਕਿਸ ਕਰਕੇ ਹੈ। ਕਹਿੰਦੇ ਕਿ ਬਾਅਦ ਵਿੱਚ ਉਹ ਕਮਰਸ਼ੀਅਲ ਯੂਜ਼ ਨਾ ਹੋ ਜਾਣ ਕਿਉਂਕਿ ਜਿਹੜੀ ਗੱਡੀ ਹੈ, ਉਹ ਟੈਕਸ ਫਰੀ ਕਰਵਾ ਕੇ ਬਾਅਦ ਵਿੱਚ ਉਸ ਨੂੰ ਸਵਾਰੀਆਂ ਢੋਣ ਲਈ ਯੂਜ਼ ਨਾ ਕਰ ਲੈਣ। ਮੈਂ ਕਿਹਾ, ਜਿਹੜੀ ਪਾਲਕੀ ਸਾਹਿਬ ਵਾਲੀ ਗੱਡੀ ਵਿੱਚ ਗੁਰੂ ਸਾਹਿਬ ਦੀ ਬੀੜ ਸ਼ੋਸੁਭਿਤ ਹੋ ਜਾਵੇ, ਇੱਕ ਵਾਰੀ ਬੀੜ ਜਾ ਆਵੇ, ਅਸੀਂ ਤਾਂ ਉਸ ਗੱਡੀ ਵਿੱਚ ਜੁੱਤੀ ਲੈ ਕੇ ਨਹੀਂ ਚੜ੍ਹਦੇ, ਫਿਰ ਕਿਸ ਦੀ ਹਿੰਮਤ ਹੋਵੇਗੀ ਕਿ ਉਸ ਗੱਡੀ ਵਿੱਚ ਲੋਕਾਂ ਨੂੰ, ਸਵਾਰੀਆਂ ਨੂੰ ਢੋਣ ਲੱਗ ਜਾਵੇ? ਸਾਰੇ ਧਰਮਾਂ ਦੇ ਚਾਹੇ ਪਵਿੱਤਰ ਬਾਈਬਲ ਹੈ, ਚਾਹੇ ਕੁਰਾਨ ਸ਼ਰੀਫ ਹੈ ਜਾਂ ਫਿਰ ਸ੍ਰੀਮਦ ਭਗਵਤ ਗੀਤਾ ਹੈ, ਜੋ ਵੀ ਇਨ੍ਹਾਂ ਪਵਿੱਤਰ ਗ੍ਰੰਥਾਂ ਨੂੰ ਕੈਰੀ ਕਰਨ ਵਾਲੇ ਵਾਹਨ ਹਨ, ਅਸੀਂ ਉਹ ਸਾਰੇ ਟੈਕਸ ਫਰੀ ਕਰ ਦਿੱਤੇ ਹਨ।(ਥੰਪਿੰਗ) ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੋਇਆ। ਇਨ੍ਹਾਂ ਧਰਮਾਂ ਦੇ ਨਾਂ ਉੱਤੇ ਰਾਜਨੀਤਕ ਲੋਕਾਂ ਨੇ ਰੋਟੀਆਂ ਬਹੁਤ ਸੇਕ ਲਈਆਂ ਹੋਣਗੀਆਂ। ਗੁਟਕਾ ਸਾਹਿਬ ਹੱਥ ਵਿੱਚ ਲੈ ਕੇ ਸਹੁੰਆਂ ਵੀ ਖਾਧੀਆਂ ਗਈਆਂ ਸੀ ਕਿ ਆਹ ਕਰ ਦੇਵਾਂਗੇ, ਉਹ ਕਰ ਦੇਵਾਂਗੇ ਪਰੰਤੂ ਬਾਅਦ ਵਿੱਚ ਮੁੱਕਰ ਜਾਂਦੇ ਹਨ। ਸਪੀਕਰ ਸਾਹਿਬ, ਅਕਾਲ ਤਖਤ ਸਾਹਿਬ ਵਿਖੇ ਜਾ ਕੇ ਸਾਰਾ ਕੁਝ ਮੰਨ ਗਏ ਪਰੰਤੂ ਬਾਅਦ ਵਿੱਚ ਮੁੱਕਰ ਗਏ। ਇਕੱਲੀ ਇਹ ਗੱਲ ਨਹੀਂ ਕਿ ਅਸੀਂ ਇਹ ਕਰਕੇ ਕੋਈ ਅਹਿਸਾਨ ਕੀਤਾ ਹੈ। ਮੈਂ ਤਾਂ ਆਪਣੇ ਆਪ ਨੂੰ ਭਾਗਾਂ ਵਾਲਾ ਇਸ ਗੱਲ ਕਰਕੇ ਸਮਝਦਾ ਹਾਂ ਕਿ ਮੈਨੂੰ ਇਹ ਕੰਮ ਕਰਨ ਦਾ ਮੌਕਾ ਮਿਲ ਗਿਆ ਅਤੇ ਮਾੜੀ ਕਿਸਮਤ ਇਸ ਕਰਕੇ

ਸਮਝਦਾ ਹਾਂ ਕਿ ਇਹ ਕੰਮ ਇੰਨਾ ਚਿਰ ਕਿਉਂ ਨਹੀਂ ਹੋਇਆ, ਮੈਨੂੰ ਹੀ ਕਿਉਂ ਮਿਲਿਆ। ਸਪੀਕਰ ਸਾਹਿਬ, 27 ਦਸੰਬਰ ਨੂੰ ਪਾਰਲੀਮੈਂਟ ਚੱਲ ਰਹੀ ਸੀ ਅਤੇ ਮੈਂ ਮੈਂਬਰ ਆਫ ਪਾਰਲੀਮੈਂਟ ਸੀ। ਮੈਂ ਮੈਡਮ ਸਪੀਕਰ ਕੋਲ ਗਿਆ। ਇੱਥੇ ਬਾਜਵਾ ਸਾਹਿਬ ਅਤੇ ਰਾਣਾ ਗੁਰਜੀਤ ਜੀ ਵੀ ਬੈਠੇ ਹਨ। ਇਹ ਪਾਰਲੀਮੈਂਟ ਵਿੱਚ ਮੈਂਬਰ ਰਹਿ ਕੇ ਆਏ ਹਨ। ਪਾਰਲੀਮੈਂਟ ਵਿੱਚ ਐਮ.ਪੀ. ਨੂੰ ਇੱਕ ਪਾਸਵਰਡ ਮਿਲਦਾ ਹੈ। ਉਸ ਪੇਜ਼ ਉੱਤੇ ਮੈਂਬਰ ਆਫ ਪਾਰਲੀਮੈਂਟ ਆਪਣਾ ਸਾਰਾ ਕੁਝ ਚੈੱਕ ਕਰ ਸਕਦਾ ਹੈ। ਮੈਂ ਆਪਣੇ ਪਾਸਵਰਡ ਨਾਲ ਚੈੱਕ ਕੀਤਾ ਕਿ ਕਦੇ ਛੋਟੇ ਸਾਹਿਬਜ਼ਾਦਿਆਂ ਨੂੰ ਇਸ ਲੋਕ ਸਭਾ ਵਿੱਚ, ਕਿਸੇ ਵੀ ਸਦਨ ਵਿੱਚ ਚਾਹੇ ਉਹ ਰਾਜ ਸਭਾ ਹੈ ਜਾਂ ਫਿਰ ਲੋਕ ਸਭਾ ਹੈ, ਕੀ ਸ਼ਰਧਾਜਲੀ ਦਿੱਤੀ ਗਈ ਹੈ? ਉਸ ਉੱਤੇ ਆ ਗਿਆ ਕਿ Never-ever. ਸਪੀਕਰ ਸਾਹਿਬ, ਮੈਂ ਉਸ ਦਾ ਪ੍ਰਿੰਟ ਆਊਟ ਕੱਢ ਲਿਆ ਅਤੇ ਮੈਡਮ ਸਪੀਕਰ ਸਾਹਿਬ ਨੂੰ ਲਿਖ ਕੇ ਦੇ ਦਿੱਤਾ। ਮੈਂ ਕਿਹਾ ਕਿ 27 ਦਸੰਬਰ ਵਾਲਾ ਹਫਤਾ ਆਪਾਂ ਸ਼ੋਕ ਸ਼ਭਾ ਮਨਾਉਂਦੇ ਹਾਂ ਕਿਉਂਕਿ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹਾਦਤ ਹੋਈ ਸੀ। ਉਨ੍ਹਾਂ ਨੂੰ ਕੱਲ੍ਹ ਨੂੰ ਸ਼ਰਧਾਜਲੀ ਦੇ ਦਿਓ। ਮੈਡਮ ਸਪੀਕਰ ਨੇ ਕਿਹਾ ਕਿ ਪਹਿਲੇ ਤੋ ਕਭੀ ਦੀ ਨਹੀਂ ਗਈ ਹੈ। ਮੈਂ ਕਿਹਾ ਕਿ ਇਹੀ ਤਾਂ ਦੁੱਖ ਹੈ ਕਿ ਪਹਿਲਾਂ ਸ਼ਰਧਾਜਲੀ ਕਿਉਂ ਨਹੀਂ ਦਿੱਤੀ ਗਈ। ਇਸ ਤੋਂ ਵੱਡੀ ਤਾਂ ਕੋਈ ਸ਼ਹਾਦਤ ਹੀ ਨਹੀਂ ਹੋ ਸਕਦੀ ਹੈ। ਪੰਜ ਅਤੇ ਸੱਤ ਸਾਲ ਦੇ ਸਾਹਿਬਜ਼ਾਦਿਆਂ ਨੂੰ ਕਿਸ ਤਰ੍ਹਾਂ ਗੈਰ-ਮਨੁੱਖੀ ਤਰੀਕੇ ਨਾਲ ਦੀਵਾਰਾਂ ਵਿੱਚ ਚਿਣ ਕੇ ਮਰਵਾਇਆ ਗਿਆ ਸੀ ਜਾਂ ਸ਼ਹੀਦ ਕਰਵਾਇਆ ਗਿਆ। ਕਹਿੰਦੇ ਕਿ ਬਾਤ ਤੋ ਠੀਕ ਹੈ ਲੇਕਿਨ ਹਾਊਸ ਨਹੀਂ ਚੱਲ ਰਿਹਾ ਹੈ ਕਿਉਂਕਿ ਜਿਹੜੀ ਆਂਧਰਾ ਪ੍ਰਦੇਸ਼ ਦੀ ਟੀ.ਡੀ.ਪੀ. ਜੋ ਚੰਦਰ ਬਾਬੂ ਨਾਇਡੂ ਜੀ ਦੀ ਪਾਰਟੀ ਹੈ, ਜੋ ਕਿ ਸੈਂਟਰ ਵਿੱਚ ਭਾਈਵਾਲ ਹੈ, ਉਹ ਪ੍ਰਦਰਸ਼ਨ ਕਰ ਰਹੇ ਹਨ ਕਿਉਂਕਿ ਆਂਧਰਾ ਪ੍ਰਦੇਸ਼ ਨੂੰ ਸਪੈਸ਼ਲ ਸਟੇਟਸ ਦੇਣ ਦਾ ਵਾਅਦਾ ਕੀਤਾ ਗਿਆ ਸੀ ਔਰ ਪ੍ਰਧਾਨ ਮੰਤਰੀ ਜੀ ਉਸ ਗੱਲ ਤੋਂ ਮੁੱਕਰ ਗਏ ਸਨ ਅਤੇ ਉਹ ਵੈੱਲ ਵਿੱਚ ਖੜ੍ਹੇ ਸਨ ਅਤੇ ਹਾਊਸ ਦੀ ਕਾਰਵਾਈ ਚੱਲਣ ਨਹੀਂ ਦੇ ਰਹੇ ਸਨ। ਮੈਂ ਮੈਡਮ ਸਪੀਕਰ ਨੂੰ ਕਿਹਾ ਕਿ ਆਪ ਸ਼ਰਧਾਜਲੀ ਦੇਣ ਵਾਲੇ ਬਣੋ, ਮੈਂ ਉਨ੍ਹਾਂ ਨੂੰ ਆਪੀ ਮਨਾ ਲਵਾਂਗਾ ਕਿਉਂਕਿ ਉਹ ਵੀ ਆਪੋਜ਼ੀਸ਼ਨ ਵਿੱਚ ਸਨ ਅਤੇ ਮੈਂ ਵੀ ਆਪੋਜ਼ੀਸ਼ਨ ਵਿੱਚ ਸੀ। ਉਹ ਕਹਿੰਦੇ ਕਿ ਮੈਨੂੰ ਸਾਰਾ ਕੁਝ ਲਿਖ ਕੇ ਦੇ ਦਿਓ। ਮੈਂ ਸਾਰਾ ਕੁਝ ਲਿਖ ਕੇ ਦੇ ਦਿੱਤਾ। ਅਗਲੇ ਦਿਨ ਮੈਂ 10 ਵਜੇ ਗਿਆ ਕਿਉਂਕਿ 11 ਵਜੇ ਪਾਰਲੀਮੈਂਟ ਚੱਲਦੀ ਹੈ। ਮੈਂ ਟੀ.ਡੀ.ਪੀ. ਦੇ ਦਫਤਰ ਵਿਖੇ ਗਿਆ ਅਤੇ ਕਿਹਾ ਕਿ ਅੱਜ ਇੱਕ ਕੰਮ ਕਰ ਦਿਓ। ਮੈਂ ਤੁਹਾਡਾ ਸਪੋਰਟ ਕਰਾਂਗਾ ਕਿਉਂਕਿ ਅੱਜ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਸ਼ਰਧਾਜਲੀ ਦਿੱਤੀ ਜਾਣੀ ਹੈ, ਉਸ ਸਮੇਂ ਰੌਲਾ ਨਾ ਪਾਇਓ, ਤੁਸੀਂ ਬੈਠੇ ਰਹਿਉ। ਅੱਧੇ ਘੰਟੇ ਦੀ ਡਿਬੇਟ ਹੈ। ਅੱਧੇ ਘੰਟੇ ਬਾਅਦ ਤੁਸੀਂ ਦੁਬਾਰਾ ਆਪਣੀਆਂ ਮੰਗਾਂ ਰੱਖ ਲੈਣਾ, ਮੈਂ ਤੁਹਾਡੀ ਸਪੋਰਟ ਕਰਾਂਗਾ ਕਿਉਂਕਿ ਮੈਂ ਉਨ੍ਹਾਂ ਦਾ ਅਕਸਰ ਪਹਿਲਾਂ ਵੀ ਸਾਥ ਦਿੰਦਾ ਰਹਿੰਦਾ ਸੀ। ਉਹ ਕਹਿੰਦੇ, ਠੀਕ ਹੈ। ਉਨ੍ਹਾਂ ਦੇ ਲੀਡਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਜੀ ਨੇ ਕਿਹਾ ਹੈ ਕਿ ਪਹਿਲਾਂ ਸ਼ਰਧਾਜਲੀ ਹੋਣ ਦਿਓ, ਉਸ ਤੋਂ ਬਾਅਦ ਫਿਰ ਪ੍ਰਦਰਸ਼ਨ ਕਰਾਂਗੇ। ਸਰ, ਪਹਿਲੀ ਵਾਰ ਭਾਰਤ ਦੀ ਪਾਰਲੀਮੈਂਟ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਅੱਨ ਰਿਕਾਰਡ ਸ਼ਰਧਾਜਲੀ ਦਿੱਤੀ ਗਈ ਹੈ। (ਥੰਪਿੰਗ) ਮੇਰੇ ਤੋਂ ਪਹਿਲਾਂ 190 ਵੱਖ-ਵੱਖ ਪਾਰਟੀਆਂ ਦੇ ਐਮ.ਪੀ. ਇੱਥੋਂ ਚੁਣ ਕੇ ਚਲੇ ਗਏ ਹਨ, ਕਿਸੇ ਨੇ ਲੈਟਰ ਵੀ ਨਹੀਂ ਲਿਖਿਆ। ਜਨਾਬ ਇਹ ਤਾਂ ਏਜੰਡੇ ਤੇ ਹੀ ਨਹੀਂ ਹਨ। ਅੱਜ ਵੀ ਇਹ ਏਜੰਡੇ ਤੇ ਥੋੜ੍ਹਾ ਆਏ ਹਨ, ਅੱਜ ਵੀ ਇਹ ਕਹਿੰਦੇ ਹਨ ਕਿ ਸਪੋਰਟ ਕਰਨੀ ਪੈਣੀ ਹੈ । ਨਹੀਂ ਤਾਂ ਨੁਕਸ ਕੱਢੀ ਜਾਣੇ ਹਨ, ਨੁਕਸ ਕੱਢੀ ਜਾਣੇ। ਇਹ ਕਹਿੰਦੇ ਹਨ ਕਿ ਇਹ ਹੋ ਜਾਊ। ਉਹ ਹੋ ਜਾਊ। ਪਹਿਲਾਂ ਵਾਲੇ ਦਾ ਕੀ ਬਣਿਆ। ਆਪ ਤਾਂ ਸਾਰਾ ਕੁਝ ਕੀਤਾ ਹੈ। ਆਪ ਹੀ ਕੇਸ ਕਮਜ਼ੋਰ ਕੀਤੇ ਹਨ। ਉਹੀ ਜਿਹੜੇ ਇਨ੍ਹਾਂ ਦੇ ਪਹਿਲਾਂ ਵਕੀਲ ਸਨ, ਹੁਣ ਉਹ ਜੱਜ ਬਣ ਗਏ

ਹਨ। ਅਤੁਲ ਨੰਦਾ ਨੇ ਕਿੰਨੇ ਕੇਸ ਕਰ ਦਿੱਤੇ। ਉਹ ਇੱਥੇ ਬੈਠਦਾ ਹੁੰਦਾ ਸੀ, ਕਿੰਨਿਆਂ ਕੇਸਾਂ ਵਿੱਚ ਜਿੱਤ ਪ੍ਰਾਪਤ ਕੀਤੀ ਹੈ? ਰਿਕਾਰਡ ਕੱਢਿਆ ਕਦੇ। ਜਿਹੜਾ ਤੁਹਾਡਾ ਏ.ਜੀ. ਸੀ।

**1345/Manika Rani/Abhishek gautam**

**1350/Gurpreet kaur**

ਦਿੱਲੀ ਤੋਂ ਲਿਆ ਕੇ ਸਫੈਦ ਹਾਥੀ ਬੰਨ੍ਹੇ ਹੋਏ ਸਨ। ਕੋਈ ਵੀ ਕੇਸ ਜਿੱਤ ਕੇ ਨਹੀਂ ਦਿੱਤਾ ਬਲਕਿ ਜਿਹੜਾ ਫੈਸਲਾ ਲੋਕਾਂ ਦੇ ਵਿਰੁੱਧ ਕਰਵਾਉਣਾ ਹੁੰਦਾ ਸੀ, ਉਹ ਹਾਈ ਕੋਰਟ ਵਿੱਚ ਰਿਟ ਪਵਾ ਕੇ ਆਪ ਹੀ ਕਹਿ ਦਿੰਦੇ ਸਨ ਕਿ ਦੇਖੋ ਜੀ, ਹਾਈ ਕੋਰਟ ਨੇ ਫੈਸਲਾ ਕਰ ਦਿੱਤਾ। ਜਦੋਂ ਕਰੋਨਾ ਆਇਆ, ਪ੍ਰਾਈਵੇਟ ਸਕੂਲ ਵਾਲਿਆਂ ਨੇ ਟ੍ਰਾਂਸਪੋਰਟੇਸ਼ਨ ਦੇ ਫੀਸਾਂ ਦੇ ਬਿਲ ਭੇਜ ਦਿੱਤੇ ਕਿ ਸਾਡੀਆਂ ਬੱਸਾਂ ਚੱਲੀਆਂ ਹਨ। ਮਾਪਿਆਂ ਨੇ ਇਤਰਾਜ਼ ਕੀਤਾ ਕਿ ਬੱਸਾਂ ਤਾਂ ਚੱਲੀਆਂ ਹੀ ਨਹੀਂ। ਬੱਚੇ ਤਾਂ ਘਰ ਰਹਿ ਕੇ ਆਨਲਾਈਨ ਪੜ੍ਹਾਈ ਕਰਦੇ ਰਹੇ ਹਨ। ਅਸੀਂ ਬਿਲ ਕਿਉਂ ਦੇਈਏ। ਉਦੋਂ ਕਰੋੜਾਂ ਰੁਪਿਆ ਸਕੂਲਾਂ ਦਾ ਮਰਦਾ ਸੀ। ਉਨ੍ਹਾਂ ਨੇ ਚੜ੍ਹਾਵਾ ਚੜ੍ਹਾ ਦਿੱਤਾ ਹੋਣਾ। ਉਨ੍ਹਾਂ ਨੇ ਪੈਸੇ ਦੇ ਦਿੱਤੇ। ਹਾਈ ਕੋਰਟ ਵਿੱਚ ਕੇਸ ਪਵਾ ਕੇ ਉਨ੍ਹਾਂ ਦੇ ਹੱਕ ਵਿੱਚ ਕਰਵਾ ਲਿਆ, ਉਦੋਂ ਪ੍ਰਾਈਵੇਟ ਸਕੂਲਾਂ ਦੇ ਹੱਕ ਵਿੱਚ ਫੈਸਲਾ ਕਰਵਾ ਲਿਆ ਗਿਆ। ਉਹ ਇਸ ਤਰ੍ਹਾਂ ਦੇ ਕੰਮ ਤਾਂ ਕਰਦੇ ਰਹੇ ਹਨ। ਕੀ ਅਸੀਂ ਕਮਲੇ ਹਾਂ। ਅਸੀਂ ਵੀ ਇੱਥੇ ਹੀ ਹਾਂ। ਸਾਨੂੰ ਸਾਰਾ ਕੁਝ ਪਤਾ ਹੈ। ਸੋ, ਇੱਥੇ ਆ ਕੇ ਬਾਹਲੇ ਜ਼ਿਆਦਾ ਦੁੱਧ ਧੋਤੇ ਨਾ ਬਣਿਆ ਕਰੋ ਕਿ ਇਹ ਨਹੀਂ ਹੋਇਆ, ਉਹ ਨਹੀਂ ਹੋਇਆ, ਪਹਿਲਾਂ ਇਸ ਤਰ੍ਹਾਂ ਨਹੀਂ ਹੋਇਆ। 26 ਜਨਵਰੀ ਦੀ ਪਰੇਡ ਵਿੱਚ ਇਸ ਵਾਰ ਪੰਜਾਬ ਦੀ ਵਾਰੀ ਨਹੀਂ ਸੀ ਕਿ ਪੰਜਾਬ ਦੀ ਝਾਕੀ ਨਹੀਂ ਹੋਵੇਗੀ। ਅਸੀਂ ਤਾਂ ਇਸ ਵਾਰ ਗੁਰੂ ਸਾਹਿਬ ਦਾ 350 ਸਾਲਾ ਦਿਵਸ ਮਨਾ ਰਹੇ ਸੀ ਜਦੋਂ ਅਸੀਂ ਇਸ ਵਿਧਾਨ ਸਭਾ ਨੂੰ ਸਿੱਧਾ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਨੰਦਪੁਰ ਸਾਹਿਬ ਲੈ ਗਏ ਸੀ। ਸਾਰੀ ਦੁਨੀਆ 350 ਸਾਲਾ ਮਨਾ ਰਹੀਂ ਸੀ ਤੇ ਦਿੱਲੀ ਵਾਲੇ ਕਹਿੰਦੇ ਕਿ 26 ਜਨਵਰੀ ਦੀ ਪਰੇਡ ਵਿੱਚ ਇਸ ਵਾਰ ਪੰਜਾਬ ਦੀ ਝਾਕੀ ਦੀ ਵਾਰੀ ਨਹੀਂ ਹੈ। ਸਾਡਾ ਇਰਾਦਾ ਇਹ ਸੀ ਕਿ ਨੌਵੇਂ ਗੁਰੂ ਪਾਤਸ਼ਾਹ ਦੀ 350 ਸਾਲਾ ਨਾਲ ਸਬੰਧਤ ਝਾਕੀ ਬਣਾ ਕੇ ਦੇਈਏ। ਅਸੀਂ ਉਨ੍ਹਾਂ ਨੂੰ ਬਕਾਇਦਾ ਲੈਟਰ ਲਿਖਿਆ। ਮੈਂ ਹੋਮ ਮਨਿਸਟਰ ਕੋਲ ਆਪ ਵੀ ਗਿਆ। ਮੈਂ ਕਿਹਾ, ਸਰ, ਸਾਡੀ ਵਾਰੀ ਦਾ ਅਗਲਾ ਸਾਲ ਕੱਟ ਲਿਓ ਪਰ ਇਹ ਸਾਲ ਨਾ ਕੱਟੋ। ਸਾਡੀ ਜ਼ਿੰਦਗੀ ਵਿੱਚ ਦੁਬਾਰਾ 350 ਸਾਲਾ ਵਰਗੀ ਸ਼ਤਾਬਦੀ ਤਾਂ ਆਉਣੀ ਹੀ ਨਹੀਂ ਹੈ। ਸਾਨੂੰ ਮੌਕਾ ਦਿਓ। ਇਸ ਝਾਕੀ ਦਾ 03 ਮਿੰਟ ਦਾ ਕੰਮ ਹੁੰਦਾ ਹੈ। ਦੋ ਮਿੰਟ ਪੰਜਾਹ ਸਕਿੰਡ ਵਿੱਚ ਝਾਕੀ ਲੰਘ ਜਾਂਦੀ ਹੈ। ਦੋ ਮਿੰਟ ਪੰਜਾਹ ਸਕਿੰਡ ਵਿੱਚ ਕੀ ਫਰਕ ਪੈ ਜਾਵੇਗਾ। ਮੈਂ ਉਨ੍ਹਾਂ ਨੂੰ ਬਕਾਇਦਾ ਤੌਰ ਤੇ ਮਨਾਇਆ ਸੀ। ਉਹ ਮੰਨ ਵੀ ਗਏ ਸਨ। ਇਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ। ਸੋ, ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਝਾਕੀ 26 ਜਨਵਰੀ ਦੀ ਪਰੇਡ ਵਿੱਚ ਦਿਖਾਈ ਗਈ ਸੀ। ਹਾਲਾਂਕਿ ਸਾਡੀ ਵਾਰੀ ਨਹੀਂ ਸੀ ਪਰ ਸਪੈਸ਼ਲ ਬਣਾਈ ਗਈ।(ਥੰਪਿੰਗ) ਜੇਕਰ ਨੀਅਤ ਸਾਫ ਹੋਵੇ ਤਾਂ ਹੀ ਕੰਮ ਹੋ ਸਕਦੇ ਹਨ। ਇਹ ਤਾਂ ਨੀਤਾਂ ਨੂੰ ਮੁਰਾਦਾਂ ਹਨ। ਮੈਂ ਕੱਲ ਪਰਸੋਂ ਇੱਕ ਗੱਲ ਸੁਣ ਰਿਹਾ ਸੀ। ਅੱਜ ਅਕਾਲੀ ਦਲ ਦੇ ਸਦਨ ਵਿੱਚ ਹਾਜਰ ਨਹੀਂ ਹੋਏ। ਇਆਲੀ ਸਾਹਿਬ ਨੂੰ ਮੈਂ ਅਕਾਲੀ ਦਲ ਦਾ ਨਹੀਂ ਮੰਨਦਾ। ਜਿਨ੍ਹਾਂ ਨੇ ਅੱਜ ਰਾਤ ਨੂੰ ਜਨਰਲ ਡਾਇਰ ਵਰਗਿਆਂ ਨੂੰ ਡਿਨਰ ਕਰਵਾਇਆ ਸੀ ਉਹ ਤਾਂ ਅੱਜ ਇੱਥੇ ਆਏ ਹੀ ਨਹੀਂ। ਉਨ੍ਹਾਂ ਨੂੰ ਪਤਾ ਸੀ ਕਿ ਅੱਜ ਤਾਂ ਇੱਥੇ ਲਾਹਨਤਾਂ ਹੀ ਪੈਣੀਆਂ ਹਨ। ਹੋਰ ਕਿਹੜਾ ਇੱਥੇ ਤਾੜੀਆਂ ਪੈਣੀਆਂ ਹਨ। ਜਨਾਬ ਜੀ, ਸਾਬਕਾ ਜਥੇਦਾਰ ਗਿਆਨੀ ਰਘਵੀਰ ਸਿੰਘ ਜੀ ਨੇ ਕੱਲ੍ਹ ਇੱਕ ਬਿਆਨ ਦਿੱਤਾ ਹੈ, ਉਹ ਇੱਕ

ਪਬਲਿਕ ਪਲੇਸ ਤੇ ਬੋਲੇ ਹਨ ਕਿ ਮੇਰੇ ਕੋਲ ਬਹੁਤ ਸਿਫਾਰਸ਼ਾਂ ਆਈਆਂ ਹਨ ਕਿ ਫਖਰ-ਏ-ਕੌਮ ਵਾਪਿਸ ਦਿੱਤਾ ਜਾਵੇ। ਵੱਡੇ ਬਾਦਲ ਸਾਹਿਬ ਤੋਂ ਫਖਰ-ਏ-ਕੌਮ ਦਾ ਅਵਾਰਡ ਵਾਪਿਸ ਲੈ ਲਿਆ ਸੀ। ਕਹਿੰਦੇ ਇਸ ਨੂੰ ਬਹਾਲ ਕਰ ਦਿਓ। ਸਪੀਕਰ ਸਾਹਿਬ, ਉਨ੍ਹਾਂ ਦੀ ਕਿਹੜੀ ਗੱਲ ਤੇ ਫਖਰ ਕਰੀਏ। ਸਾਲ 1978 ਵਿੱਚ ਜਿਹੜੇ 13 ਸਿੰਘ ਸ਼ਹੀਦ ਕਰਵਾਏ ਸਨ, ਬਾਅਦ ਵਿੱਚ ਪੰਜਾਬ ਨੇ ਇੰਨੀ ਵੱਡੀ ਤ੍ਰਾਸਦੀ ਝੱਲੀ। ਕੀ ਉਸ ਤੇ ਫਖਰ ਕਰੀਏ। ਜਿਹੜੀ ਨਕੋਦਰ ਵਿਖੇ ਬੇਅਦਬੀ ਹੋਈ, ਕੋਈ ਵੀ ਪਰਚਾ ਦਰਜ ਨਹੀਂ ਹੋਇਆ ਅਤੇ ਅੱਜ ਵੀ ਉਸ ਦਾ ਜ਼ਿਕਰ ਹੋਇਆ ਹੈ, ਦਰਬਾਰਾ ਸਿੰਘ ਗੁਰੂ ਬਾਅਦ ਵਿੱਚ ਪ੍ਰਿੰਸੀਪਲ ਸੈਕਟਰੀ ਟੂ ਸੀ.ਐਮ. ਰਹੇ। ਭਦੌੜ ਤੋਂ ਇਲੈਕਸ਼ਨ ਵੀ ਲੜੇ। ਇਜ਼ਹਾਰ ਆਲਮ ਇਲੈਕਸ਼ਨ ਲੜੇ ਅਤੇ ਉਨ੍ਹਾਂ ਨੂੰ ਅਵਾਰਡ ਦਿੱਤੇ ਗਏ। ਕੀ ਉਸ ਗੱਲ ਤੇ ਫਖਰ ਕਰੀਏ। ਸੁਮੇਧ ਸੈਣੀ ਵਰਗਿਆਂ ਨੂੰ ਜਾਂ ਜਿਹੜੇ ਕੋਹ ਕੋਹ ਕੇ ਮਾਰਨ ਵਾਲੇ ਸੀ, ਉਨ੍ਹਾਂ ਨੂੰ ਸਨਮਾਨ ਦਿੱਤਾ। ਇਹ ਆਪ ਅਕਾਲ ਤਖਤ ਸਾਹਿਬ ਜਾ ਕੇ ਮੰਨੇ ਹਨ ਕਿ ਹਾਂ ਜੀ, ਅਸੀਂ ਉਨ੍ਹਾਂ ਨੂੰ ਅਹੁਦੇ ਦਿੱਤੇ ਅਤੇ ਨਿਵਾਜਿਆ, ਇਨਾਮ ਦਿੱਤੇ, ਕੀ ਉਸ ਤੇ ਫਖਰ ਕਰੀਏ? ਸਾਲ 2015 ਵਿੱਚ ਜਿਹੜੀ ਬਹਿਲਬਲ ਕਲਾਂ, ਕੋਟਕਪੂਰਾ ਵਿਖੇ ਜੋ ਬੇਅਦਬੀਆਂ ਹੋਈਆਂ, ਕੀ ਉਸ ਤੇ ਫਖਰ ਕਰੀਏ? ਫਿਰ ਕਿਸੇ ਦੀ ਮੁਆਫੀ ਕੈਂਸਲ ਜਾਂ ਕਿਸੇ ਨੂੰ ਮੁਆਫੀ ਦਿਵਾ ਦਿੱਤੀ, ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਘਰ ਬੁਲਾ ਕੇ ਆਰਡਰ ਦੇਣੇ, ਕੀ ਉਸ ਤੇ ਫਖਰ ਕੀਤਾ ਜਾ ਸਕਦਾ ਹੈ। ਕੀ ਇਹ ਫਖਰ-ਏ-ਕੌਮ ਅਵਾਰਡ ਵਾਪਸ ਦੇ ਦੇਈਏ? ਇਹ ਕਿਹੋ ਜਿਹੇ ਫਖਰ-ਏ-ਕੌਮ ਹਨ। ਜਿਨ੍ਹਾਂ ਤੋਂ ਹਾਲੇ ਤੱਕ ਕਾਨੂੰਨ ਨਹੀਂ ਬਣਿਆ। ਇਹ ਚੌਥੀ ਅਟੈਂਪਟ ਹਨ। ਹਰੇਕ ਕਹਿੰਦਾ ਹੈ ਕਿ ਚੌਥੀ ਵਾਰ ਆਇਆ ਹੈ। ਜੇਕਰ ਤੁਹਾਡੀ ਨੀਅਤ ਸਾਫ ਹੁੰਦੀ ਤਾਂ ਪਹਿਲੀ ਵਾਰ ਹੀ ਹੋ ਜਾਂਦਾ। ਲਓ, ਹੁਣ ਪੰਜਵੀਂ ਵਾਰ ਨਹੀਂ ਆਵੇਗਾ, ਇਹ ਮੇਰੀ ਗਰੰਟੀ ਹੈ, ਇੱਥੇ ਜਿੰਦੇ ਲੱਗਣਗੇ।(ਥੰਪਿੰਗ) ਇਹ ਹੁਣ ਨਹੀਂ ਆਉਂਦਾ। ਪਹਿਲਾਂ loopholes ਰੱਖ ਲਏ ਗਏ। ਪਹਿਲਾਂ ਵੀਕ ਲਿੰਕ ਰੱਖ ਲਏ ਗਏ ਕਿ ਇਸ ਤਰ੍ਹਾਂ ਕਰ ਲੈਂਦੇ ਹਾਂ। ਦੇਖ ਲਵਾਂਗੇ, ਕਿਹੜਾ ਕੁਝ ਹੋਣਾ ਹੈ। ਠੀਕ ਹੈ। ਦੋਨੋਂ ਜਣੇ (ਦੋਨੋ ਪਾਰਟੀਆਂ) ਸਨ। ਤੂੰ ਮੈਨੂੰ ਕੁਝ ਨਾ ਕਹੀਂ ਤੇ ਮੈਂ ਤੈਨੂੰ ਕੁਝ ਨਹੀਂ ਕਹਿੰਦਾ। ਇਹ ਕੰਮ ਚੱਲਦਾ ਸੀ।

**1350/Gurpreet kaur/BS khokhar**

**1355/Kuldeep kaur**

ਮਾਣਯੋਗ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਜਿਹੜਾ ਬਿਲ ਸਾਲ 2018 ਵਿੱਚ ਲਿਆਂਦਾ ਗਿਆ ਸੀ, ਜਿਸ ਦਾ ਇੱਥੇ ਜ਼ਿਕਰ ਹੋਇਆ ਹੈ। ਉਹ ਬਿਲ ਭਾਰਤ ਸਰਕਾਰ ਨੂੰ ਭੇਜ ਦਿੱਤਾ, ਰਾਸ਼ਟਰਪਤੀ ਤੋਂ ਅਜੇ ਤੱਕ ਪਾਸ ਨਹੀਂ ਹੋਇਆ ਹੈ ਅਤੇ ਨਾ ਹੀ ਮਾਂ ਦੇ ਪੁੱਤਾਂ ਨੇ follow ਕੀਤਾ ਹੈ। ਪਰਗਟ ਸਿੰਘ ਜੀ, ਤੁਸੀਂ ਕਿਹਾ ਹੈ ਕਿ ਉਹ ਬਿਲ ਭਾਰਤ ਸਰਕਾਰ ਕੋਲ ਭੇਜ ਦਿੱਤਾ ਅਤੇ ਰਾਸ਼ਟਰਪਤੀ ਕੋਲ ਸਾਲ 2018 ਦਾ ਪਿਆ ਹੈ। ਤੁਸੀਂ ਵੀ ਤਾਂ ਕਾਂਗਰਸ ਵਿੱਚ ਉਦੋਂ ਦੇ ਹੀ ਹੋ। ਕੀ ਤੁਸੀਂ ਕਦੇ follow ਕੀਤਾ ਹੈ।

**ਸਰਦਾਰ ਪਰਗਟ ਸਿੰਘ ਪੋਆਰ:** ਪੁਆਇੰਟ ਆਫ ਆਰਡਰ ਜੀ।

**ਮੁੱਖ ਮੰਤਰੀ:** ਇੱਕ ਮਿੰਟ, ਬੋਲ ਲੈਣਾ ਪਰ ਕੀ ਤੁਸੀਂ ਕਦੇ ਰਾਸ਼ਟਰਪਤੀ ਕੋਲ ਗਏ ਸੀ ਜਾਂ ਕਦੇ ਪ੍ਰਧਾਨ ਮੰਤਰੀ ਕੋਲ ਗਏ ਹੋਵੋਗੇ ਕਿ ਉਸ ਦਾ ਕੀ ਬਣਿਆ ਜੀ?

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਪੁਆਇੰਟ ਆਫ ਆਰਡਰ।

**ਮਾਣਯੋਗ ਸਪੀਕਰ:** ਹਾਂ ਜੀ, ਪਰਗਟ ਜੀ।

**ਮੁੱਖ ਮੰਤਰੀ:** ਇੱਕ ਮਿੰਟ, ਬਿਲਕੁਲ ਤੁਸੀਂ ਬੋਲ ਲਵੋ, 30 ਸੈਕਿੰਡ ਬਾਅਦ ਬੋਲ ਲੈਣਾ।

**ਮਾਣਯੋਗ ਸਪੀਕਰ:** ਠੀਕ ਹੈ। ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ:** ਪਰਗਟ ਸਿੰਘ ਜੀ, ਤੁਸੀਂ ਇਸੇ ਸੀਟ ਤੋਂ ਕਿਹਾ ਸੀ ਕਿ ਅੱਧੇ ਕੁ ਬੰਦੇ ਮੈਨੂੰ ਕਹਿੰਦੇ ਸੀ ਬੇਅਦਬੀਆਂ ਦੇ ਹੱਕ ਵਿੱਚ ਬੋਲਣਾ ਹੈ, ਅੱਧੇ ਕੁ ਬੰਦੇ ਕਹਿੰਦੇ ਸੀ ਕਿ ਨਹੀਂ ਬੋਲਣਾ। ਇਹ ਦੱਸ ਦਿਓ ਅੱਜ ਕਿਹੜੇ ਕਿਹੜੇ ਹਨ।

**ਮਾਣਯੋਗ ਸਪੀਕਰ:** ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਤੁਸੀਂ 2018 ਦਾ ਜਿਹੜਾ ਬਿਲ ਸੀ, ਉਸ ਲਈ ਹੋਮ ਮਨਿਸਟਰ ਸਾਹਿਬ ਨੂੰ ਮਿਲੇ ਸੀ ਜਾਂ ਨਹੀਂ ਮਿਲੇ ਸੀ?

**ਮੁੱਖ ਮੰਤਰੀ:** ਮਿਲੇ ਸੀ ਜੀ, ਉਹ ਤੁਹਾਡੇ ਪਾਏ ਹੋਏ ਸਿਆਪੇ ਸੀ, ਉਹ ਕਹਿੰਦੇ ਸੀ ਕਿ ਨਹੀਂ ਹੋ ਸਕਦਾ। (ਹੱਥ ਵਿੱਚ ਕਾਗਜ਼ ਫੜ੍ਹ ਕੇ ਦਿਖਾਉਂਦੇ ਹੋਏ) ਇਸ ਵਿੱਚ ਲਿਖਿਆ ਹੋਇਆ ਹੈ ਕਿ ਭਾਰਤ ਸਰਕਾਰ ਵੱਲੋਂ ਇਨ੍ਹਾਂ ਬਿਲਾਂ ਦੇ ਪ੍ਰੇਖਣ ਕਰਦੇ ਹੋਏ ਕਿਹਾ ਗਿਆ ਸੀ ਕਿ ਭਾਰਤ ਇੱਕ ਸੈਕੂਲਰ ਦੇਸ਼ ਹੈ, ਇੱਥੇ ਕੋਈ ਧਰਮ ਵਿਸ਼ੇਸ਼ ਰਾਜ ਨਹੀਂ ਹੈ। ਇਸ ਲਈ 295AA ਧਾਰਾ ਦੀ ਸੋਧ ਕੇਵਲ ਇੱਕ ਧਰਮ ਨਾਲ ਸਬੰਧਿਤ ਹੋਣ ਕਰਕੇ ਇਸ ਧਾਰਾ ਨੂੰ ਸ਼ਾਮਲ ਕਰਨਾ ਗਲਤ ਹੋਵੇਗਾ। ਸਾਡੇ ਸੰਵਿਧਾਨ ਦੇ ਖਿਲਾਫ ਹੋਵੇਗਾ। ਇਹ ਉਨ੍ਹਾਂ ਦੀ ਰਿਪੋਰਟ ਹੈ। ਇਹ ਤੁਹਾਡਾ ਐਕਟ ਪਿਆ ਹੈ, ਮੇਰੇ ਕੋਲੋਂ ਲੈ ਜਾਣਾ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਇਹ 2016 ਦਾ ਹੈ, ਮੈਂ 2018 ਦੀ ਗੱਲ ਕਰਦਾ ਹਾਂ।

**ਮੁੱਖ ਮੰਤਰੀ:** ਅੱਛਾ ਹੁਣ ਦੱਸੋ, ਬੇਅਦਬੀਆਂ ਦੇ ਹੱਕ ਵਿੱਚ ਕੌਣ ਕੌਣ ਸੀ?

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਪਰਗਟ ਸਿੰਘ ਪੋਆਰ:** ਬੈਠ ਜਾਵੋ ਜੀ।

**ਮੁੱਖ ਮੰਤਰੀ:** ਮੈਂ ਬੈਠ ਜਾਵਾਂ?

**ਸਰਦਾਰ ਪਰਗਟ ਸਿੰਘ ਪੋਆਰ:** ਫਿਰ ਗੱਲ ਤਾਂ ਸੁਣ ਲਵੋ।

**ਮੁੱਖ ਮੰਤਰੀ :** ਤੁਸੀਂ ਦੱਸੋ ਕਿ ਕਿਹੜੇ ਕਿਹੜੇ ਹੱਕ ਵਿੱਚ ਸਨ? ਤੁਸੀਂ ਕਿਹਾ ਸੀ ਕਿ ਅੱਧੇ ਕਹਿੰਦੇ ਸੀ, ਆਪਾਂ ਬੋਲਣਾ ਨਹੀਂ ਹੈ ਅਤੇ ਅੱਧੇ ਕਹਿੰਦੇ ਸੀ ਕਿ ਬੋਲਣਾ ਹੈ।(ਸ਼ੋਰ) ਅੱਜ ਇਸ ਵਿਸ਼ੇ ਤੇ ਡਿਬੇਟ ਚੱਲ ਰਹੀ ਹੈ, ਅੱਜ ਦੱਸ ਦੇਵੋ। ਅੱਜ ਸਾਰੀ ਦੁਨੀਆ ਦੇਖ ਰਹੀ ਹੈ, ਅੱਜ ਦੱਸ ਦੇਵੋ।

**ਮਾਣਯੋਗ ਸਪੀਕਰ:** ਹਾਂ ਜੀ, ਪਰਗਟ ਜੀ, ਤੁਸੀਂ ਬੋਲਣਾ ਚਾਹੁੰਦੇ ਹੋ?

(ਇੱਕ ਆਵਾਜ਼: ਗੁਰੂ ਨੂੰ ਹਾਜ਼ਰ ਨਾਜ਼ਰ ਮੰਨ ਕੇ।)

**ਸਰਦਾਰ ਪਰਗਟ ਸਿੰਘ ਪੋਆਰ:** ਮੈਂ ਤਾਂ ਹਾਜ਼ਰ ਨਾਜ਼ਰ ਹਮੇਸ਼ਾ ਹੀ ਮੰਨਦਾ ਹਾਂ। 2017 ਤੋਂ ਲੈ ਕੇ ਹਰ ਸਮੇਂ ਪ੍ਰਸਿਊ ਕੀਤਾ ਔਰ ਜਿੰਨੀ ਇਨਵੈਸਟੀਗੇਸ਼ਨ ਹੋਈ ਹੈ, ਉਹ ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਹੋਈ ਹੈ ਲੇਕਿਨ ਜਦੋਂ ਸਾਨੂੰ ਇਹ ਲੱਗਿਆ ਕਿ ਇਹ slow down ਹੋਇਆ ਹੈ, ਉਦੋਂ ਅਸੀਂ ਲੱਤ ਲਾ ਕੇ ਚੀਫ ਮਨਿਸਟਰ ਚੇਂਜ ਕੀਤਾ ਔਰ ਪਿਛਲੇ 3 ਮਹੀਨੇ.... (ਸ਼ੋਰ) ਇੱਕ ਮਿੰਟ ਸਰ, ਇੱਕ ਮਿੰਟ ਠਹਿਰ ਜਾਓ।

**ਮਾਣਯੋਗ ਸਪੀਕਰ:** ਤੁਸੀਂ ਉਹ ਦੱਸੋ ਜੀ ਕਿਹੜੇ ਕਹਿੰਦੇ ਸੀ ਕਿ ਆਪਾਂ ਬੋਲਣਾ ਹੈ ਅਤੇ ਕਿਹੜੇ ਕਹਿੰਦੇ ਸੀ ਕਿ ਨਹੀਂ ਬੋਲਣਾ।

**ਮੁੱਖ ਮੰਤਰੀ:** ਠੀਕ ਹੈ ਜੀ, ਤੁਸੀਂ ਚੀਫ ਮਨਿਸਟਰ ਲੱਤ ਲਾ ਕੇ ਚੇਂਜ ਕਰਵਾ ਲਿਆ ਅਤੇ ਬਾਅਦ ਵਿੱਚ ਕੋਈ ਬਣਿਆ। ਉਹ ਤਾਂ ਦੱਸੋ, ਤੁਸੀਂ ਜਿਹੜਾ ਕਿਹਾ ਸੀ ਕਿ ਅੱਧੇ ਬੇਅਦਬੀ ਦੇ ਹੱਕ ਵਿੱਚ ਸੀ। ਅੱਧੇ ਕਹਿੰਦੇ ਸੀ ਕਿ ਬੋਲਣਾ ਹੈ, ਅੱਧੇ ਕਹਿੰਦੇ ਸੀ ਕਿ ਨਹੀਂ ਬੋਲਣਾ। ਉਹ ਅੱਜ ਚਾਨਣਾ ਪਾ ਦਿਓ।

**ਮਾਣਯੋਗ ਸਪੀਕਰ:** ਉਹ ਦੱਸ ਦਿਓ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਇੱਕ ਮਿੰਟ ਸੀ.ਐਮ. ਸਾਹਿਬ, ਤੁਸੀਂ ਹੋਮ ਮਨਿਸਟਰ ਹੋ, ਕੈਪਟਨ ਅਮਰਿੰਦਰ ਸਿੰਘ as a Chief Minister, Home Minister ਸੀ। ਮੈਨੂੰ ਲਗਦਾ ਹੈ ਕਿ ਤੁਹਾਡੇ 80 ਬੰਦਿਆਂ ਨੂੰ ਇਹ ਨਹੀਂ ਪਤਾ ਹੋਣਾ ਕਿ ਐਕਚੁਅਲ ਗੱਲ ਕੀ ਹੈ? ਤੁਸੀਂ ਕਿਤੇ ਫਾਈਲ ਦਿਖਾਉਂਦੇ ਹੋ?

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਪਰਗਟ ਸਿੰਘ ਪੋਆਰ:** ਇੱਕ ਮਿੰਟ ਠਹਿਰ ਜਾਵੋ ।(ਸ਼ੋਰ) ਸਰ, ਹੋਮ ਮਨਿਸਟਰ ਤੋਂ ਇਲਾਵਾ, (ਸ਼ੋਰ) ਮੇਰੀ ਗੱਲ ਤਾਂ ਸੁਣ ਲਵੋ।

**ਮਾਣਯੋਗ ਸਪੀਕਰ:** ਤੁਸੀਂ ਮੁੱਦੇ ਤੇ ਆਵੋ ਜੀ, ਮੁੱਦੇ ਤੇ ਆਵੋ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਹੋਮ ਮਨਿਸਟਰ ਤੋਂ ਇਲਾਵਾ ਕਦੀ ਕਿਸੇ ਨੂੰ, ਸਿਵਾਏ ਕੈਬਨਿਟ ਤੋਂ ਕਿਸੇ ਨੂੰ ਫਾਈਲ ਦਿਖਾਈ ਜਾਂਦੀ ਹੈ? ਸੀ.ਐਮ. ਸਾਹਿਬ, ਤੁਸੀਂ ਦੱਸ ਦੇਵੋ।

**ਮਾਣਯੋਗ ਸਪੀਕਰ:** ਸੀ.ਐਮ. ਸਾਹਿਬ।

**ਮੁੱਖ ਮੰਤਰੀ:** ਪਰਗਟ ਸਿੰਘ ਜੀ, ਤੁਸੀਂ ਦੇਸ਼ ਦੇ ਕੈਪਟਨ ਰਹੇ ਹੋ। ਅਸੀਂ ਜਿਹੜੇ ਭੇਦ ਗੁਪਤ ਰੱਖਣ ਦੀ ਸਹੁੰ ਖਾਂਦੇ ਹਾਂ, ਕੈਬਨਿਟ ਤੋਂ ਬਿਨਾਂ even ਕੈਬਨਿਟ ਦੀ ਰਿਪੋਰਟ ਵੀ ਨਹੀਂ ਦਿਖਾ ਸਕਦੇ। That is top secret. ਅਸੀਂ ਤੁਹਾਨੂੰ ਉਹ ਫਾਈਲਾਂ ਕਿਉਂ ਦਿਖਾਈਏ? ਜਦੋਂ ਤੁਹਾਡੀ ਸਰਕਾਰ ਸੀ, ਉਦੋਂ ਗ੍ਰਹਿ ਮੰਤਰਾਲਾ ਕਿਤੇ ਯੂਨੀਵਰਸਿਟੀਆਂ ਵਿੱਚ ਡਿਬੇਟ ਕਰਵਾਉਂਦਾ ਸੀ ਕਿ ਇਹ ਕਾਨੂੰਨ ਬਣਾਈਏ ਜਾਂ ਨਾ ਬਣਾਈਏ? ਤੁਸੀਂ ਉਹ ਦੱਸੋ, ਜਿਹੜੇ ਅੱਧੇ ਤੁਹਾਨੂੰ ਕਹਿੰਦੇ ਸੀ ਕਿ ਹਾਂ ਅਤੇ ਅੱਧੇ ਨਾਂਹ ਕਹਿੰਦੇ ਸੀ। (ਸ਼ੋਰ)

**ਮਾਣਯੋਗ ਸਪੀਕਰ:** ਪਰਗਟ ਸਿੰਘ।

**ਸਰਦਾਰ ਪਰਗਟ ਸਿੰਘ ਪੋਆਰ:** ਕੈਪਟਨ ਅਮਰਿੰਦਰ ਸਿੰਘ ਨੇ slow down ਕੀਤਾ। ਮੈਂ ਇਹ ਗੱਲ ਕਹਿੰਦਾ ਹਾਂ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਚਲੋ, ਠੀਕ ਹੈ ਜੀ। ਆਪਾਂ ਅੱਗੇ ਤੋਰੀਏ ਜੀ। ਮੁੱਖ ਮੰਤਰੀ ਸਾਹਿਬ, ਅੱਗੇ ਤੋਰੀਏ ਜੀ।

**ਮੁੱਖ ਮੰਤਰੀ:** ਚਲੋ ਕੋਈ ਗੱਲ ਨਹੀਂ ਜੀ ਜੇ ਨਹੀਂ ਦੱਸਣਾ ਚਾਹੁੰਦੇ।

**ਸਰਦਾਰ ਪਰਗਟ ਸਿੰਘ ਪੋਆਰ:** 4 ਸਾਲ ਹੋ ਗਏ, 4 ਸਾਲ ਤੇ 26 ਦਿਨ ਹੋ ਗਏ, ਸੀ.ਐਮ. ਸਾਹਿਬ, ਤੁਸੀਂ ਪ੍ਰਾਸੀਕਿਊਸ਼ਨ ਸੈਂਕਸ਼ਨ ਨਹੀਂ ਦਿੱਤੀ।

**ਮੁੱਖ ਮੰਤਰੀ:** 9 ਸਾਲ 26 ਦਿਨਾਂ ਬਾਅਦ ਵੀ ਤੁਸੀਂ ਇਹੋ ਜਿਹਾ ਕੁਝ ਹੀ ਬੋਲੋਗੇ, ਹੋਰ ਕੀ ਕਰਨਾ ਹੈ।

**ਮਾਣਯੋਗ ਸਪੀਕਰ:** ਜੀ।

**ਮੁੱਖ ਮੰਤਰੀ:** ਠੀਕ ਹੈ, ਨਹੀਂ ਦੱਸ ਸਕੇ, ਕੋਈ ਗੱਲ ਨਹੀਂ। ਕਈ ਵਾਰ top secret ਵੀ ਹੁੰਦਾ ਹੈ, ਆਪ ਪਾਰਟੀ ਵਿੱਚ ਵੀ ਰਹਿਣਾ ਹੁੰਦਾ ਹੈ, ਕੁਝ ਬੰਦੇ ਨਾਲ ਵੀ ਲੈਣੇ ਹੁੰਦੇ ਹਨ। ਪ੍ਰਧਾਨਗੀ ਦੀ ਦੌੜ ਵਿੱਚ ਵੀ ਹੋ। ਤੁਹਾਡਾ ਖਾਸਾ ਕੁਝ ਹੈ। (ਹਾਸਾ) ਇਸ ਬਿਲ ਨੂੰ ਪੇਸ਼ ਕਰਨ ਦੇ ਮੁੱਖ ਮੰਤਵ ਜੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰੀਟਿੰਗ ਸਟੋਰੇਜ, ਡਿਸਟ੍ਰੀਬਿਊਸ਼ਨ ਤੇ ਸਪਲਾਈ ਸਬੰਧੀ ਪੂਰਾ ਰਿਕਾਰਡ ਰੱਖਿਆ ਜਾਵੇਗਾ ਜੀ। ਸੈਕਸ਼ਨ 3ਏ (1) ਆਫ 5, ਇਸ ਕਲਾਜ਼ ਵਿੱਚ ਹੈ ਜੀ। ਇਸ ਦੇ ਨਾਲ ਹੀ ਇਸ ਬਿਲ ਵਿੱਚ ਕਸਟੋਡੀਅਨ ਦੀ ਪਰਿਭਾਸ਼ਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸਪੀਕਰ ਸਾਹਿਬ, ਜੇ ਸੀ.ਸੀ.ਟੀ.ਵੀ. ਕੈਮਰੇ ਲੱਗੇ ਹਨ, ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਾ ਹੈ, ਆਮ ਤੌਰ ਤੇ ਕਹਿ ਦਿੱਤਾ ਜਾਂਦਾ ਹੈ ਕਿ ਉਹ ਮਾਨਸਿਕ ਰੋਗੀ ਹੈ।

**1355/Kuldeep kaur/BS khokhar**

**1400/Pawan sharma**

80-90 ਪਰਸੈਂਟ ਕੇਸਾਂ ਵਿੱਚ ਮਾਨਸਿਕ ਰੋਗੀ ਹੈ, ਇਹ ਜਿਹੜੇ ਮਾਨਸਿਕ ਰੋਗੀ ਜਾਂ ਹਿੱਲੇ ਹੋਏ ਦਿਮਾਗ਼ ਵਾਲੇ ਹਨ, ਇਨ੍ਹਾਂ ਨੂੰ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਨਜ਼ਰ ਆਉਂਦਾ ਹੈ? ਇਹ ਸਿਰਫ਼ ਇਸੇ ਕੰਮ ਲਈ ਹਨ। ਇਹ ਕੋਈ ਮਾਨਸਿਕ ਰੋਗੀ ਨਹੀਂ ਹੁੰਦੇ, ਕੇਸ ਨੂੰ ਕਮਜ਼ੋਰ ਕਰਨ ਵਾਸਤੇ ਉਸ ਬਿਲ ਵਿੱਚ ਬਕਾਇਦਾ ਤੌਰ ਤੇ ਮਾਨਸਿਕ ਰੋਗੀ ਦੀ ਪਰਿਭਾਸ਼ਾ ਹੀ ਨਹੀਂ ਪਾਈ ਗਈ। ਹੁਣ ਪਰਿਭਾਸ਼ਾ ਪਾਈ ਗਈ ਹੈ ਕਿ ਜੇ ਉਹ ਮਾਨਸਿਕ ਰੋਗੀ ਹੈ, ਮੈਡੀਕਲ ਟੈੱਸਟ ਕਰਵਾਉਣਗੇ, ਮੰਨ ਲਵੋ, ਮਾਨਸਿਕ ਰੋਗੀ ਹੈ ਵੀ ਤਾਂ ਉਸ ਦੇ ਕਸਟੋਡੀਅਨ, ਉਸ ਦੇ ਗਾਰਡੀਅਨ ਜਾਂ ਉਸ ਦੇ ਮਾਪੇ ਉਨ੍ਹਾਂ ਉੱਤੇ ਪਰਚਾ ਦਰਜ ਹੋਵੇਗਾ। ਉਨ੍ਹਾਂ ਨੇ ਇਹੋ ਜਿਹੇ ਬੰਦੇ ਨੂੰ ਸਮਾਜ ਵਿੱਚ ਕਿਉਂ ਛੱਡਿਆ ਹੈ, ਜੋ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਭੜਕਾਉਂਦਾ ਹੈ। ਬਿਲਕੁਲ ਓਵੇਂ ਹੀ, ਜਿਵੇਂ ਕਿਸੇ ਦਾ ਅਸਲਾ ਲਾਇਸੈਂਸ ਹੈ, ਉਸ ਦਾ ਪਿਸਤੌਲ ਲੈ ਕੇ ਕਿਸੇ ਨੇ ਗੋਲੀ ਚਲਾ ਦਿੱਤੀ, ਉਸ ਕੋਲ ਲਾਇਸੈਂਸ ਨਹੀਂ ਸੀ, ਪਰ ਲਾਇਸੈਂਸ ਵਾਲੇ ਦਾ ਪਿਸਤੌਲ ਲੈ ਗਿਆ ਤੇ ਫਿਰ ਪਰਚਾ ਤਾਂ ਪਿਸਤੌਲ ਵਾਲੇ ਤੇ ਹੀ ਦਰਜ ਹੋਵੇਗਾ, ਜਿਸ ਦੇ ਕੋਲ ਲਾਇਸੈਂਸ ਹੈ ਕਿ ਤੂੰ ਇਸ ਨੂੰ ਬਈ ਪਿਸਤੌਲ ਕਿਉਂ ਦਿੱਤਾ, ਆਪਣਾ ਹਥਿਆਰ ਕਿਉਂ ਦਿੱਤਾ, ਜਦੋਂ ਉਸ ਕੋਲ ਲਾਇਸੈਂਸ ਹੀ ਨਹੀਂ ਸੀ। ਬਿਲਕੁਲ ਜਿਵੇਂ ਤੁਹਾਡੀ ਗੱਡੀ ਨੂੰ ਕੋਈ ਲੈ ਜਾਵੇ ਅਤੇ ਗੱਡੀ ਦਾ ਚਲਾਨ ਜਾਂ ਐਕਸੀਡੈਂਟ ਹੋ ਜਾਵੇ ਅਤੇ ਉਸ ਕੋਲ ਲਾਇਸੈਂਸ ਨਾ ਹੋਵੇ, ਤਾਂ ਜਿਸ ਦੇ ਨਾਂਅ ਤੇ ਗੱਡੀ ਹੈ, ਆਰ.ਸੀ. ਹੈ, ਖਰਚਾ ਤਾਂ ਉਸ ਨੂੰ ਹੀ ਪਵੇਗਾ, ਚਲਾਨ ਤਾਂ ਉਸ ਨੂੰ ਹੀ ਭਰਨ ਪਵੇਗਾ ਕਿ ਉਸ ਨੇ ਆਪਣੀ ਗੱਡੀ ਬਿਨਾਂ ਲਾਇਸੈਂਸ ਵਾਲੇ ਨੂੰ ਕਿਉਂ ਦਿੱਤੀ। ਬਿਲਕੁਲ same ਹੈ ਜੀ, ਜਿਹੜਾ ਕਸਟੋਡੀਅਨ ਹੈ। ਸੋ, ਇਸ ਅਨੁਸਾਰ ਹਰ ਕਸਟੋਡੀਅਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਸਾਂਭ ਸੰਭਾਲ, Safe Custody, Protection from Damage, Misuse or Loss ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ। Section 3 B(1) of 5, ਇਹ ਕਲਾਜ਼ ਹੈ ਜੀ ਕਿ ਉਸ ਉੱਤੇ ਵੀ ਉਹ ਹੀ ਪਰਚਾ ਹੋਵੇਗਾ, ਜਿਵੇਂ ਕੋਈ ਹੋਸ਼-ਹਵਾਸ ਵਿੱਚ ਬੰਦਾ ਜਾਣਬੁੱਝ ਕੇ ਬੇਅਦਬੀ ਕਰ ਰਿਹਾ ਹੈ। ਇਸ ਦੇ ਵਿੱਚ ਦਰਜ ਹੈ। ਇਸ ਤੋਂ ਇਲਾਵਾ ਜਿਹੜਾ investigation ਦਾ ਪੱਧਰ ਹੈ, investigation ਦੀ ਕਾਰਵਾਈ ਜਲਦ ਤੋਂ ਜਲਦ ਮੁਕੰਮਲ ਕਰਨ ਦਾ ਉਪਬੰਧ ਕੀਤਾ ਗਿਆ ਹੈ। Section 4-A of 6 ਹੈ ਜੀ। ਦੋਸ਼ੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਨੂੰ ਗੈਰ ਜ਼ਮਾਨਤੀ ਗੰਭੀਰ ਅਪਰਾਧ ਮੰਨਿਆ ਜਾਵੇਗਾ, ਜੋ ਕਿ non-compoundable ਹੋਵੇਗਾ। Section 4-B of 6 ਹੈ ਜੀ। ਇਸ ਤੋਂ ਇਲਾਵਾ

ਬੇਅਦਬੀ ਕਰਨ ਵਾਲਿਆਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਤੇ ਜੁਰਮਾਨੇ ਵਿੱਚ ਵੀ ਵਾਧਾ ਕੀਤਾ ਗਿਆ ਹੈ ਜੋ ਕਿ 20 ਲੱਖ ਤੱਕ ਅਤੇ ਸਜ਼ਾ ਉਮਰ ਕੈਦ ਤੱਕ ਹੈ ਜੀ। Section 5 of 7 ਹੈ ਜੀ। ਇਸ ਦੇ ਵਿੱਚ ਉਮਰ ਕੈਦ ਹੈ ਜੀ। ਉਮਰ ਕੈਦ ਦਾ ਮਤਲਬ till death ਹੈ ਜੀ। ਇਹ ਨਹੀਂ ਹੈ ਕਿ ਉਮਰ ਕੈਦ ਹੈ, 14 ਸਾਲ ਬਾਅਦ ਛੁੱਟੀਆਂ ਕੱਟ ਲਈਆਂ। ਤੁਸੀਂ ਅਪਰਾਧੀਆਂ ਨੂੰ ਛੁੱਟੀਆਂ ਕਾਹਦੀਆਂ ਦਿੰਦੇ ਹੋ- 15 ਅਗਸਤ ਦੀਆਂ, 26 ਜਨਵਰੀ ਦੀਆਂ, ਐਤਵਾਰ ਦੀਆਂ ਛੁੱਟੀਆਂ ਕੱਟ ਲੈਂਦੇ ਹਨ। ਉਸ ਨੇ ਅਪਰਾਧ ਛੁੱਟੀ ਵਾਲੇ ਦਿਨ ਕੀਤਾ ਸੀ ਜਾਂ ਉਸ ਨੇ ਛੁੱਟੀ ਵਾਲੇ ਦਿਨ ਨਹੀਂ ਕੀਤਾ ਸੀ? ਉਸ ਨੇ ਅਪਰਾਧ ਪਤਾ ਨਹੀਂ ਕਦੋਂ ਕਰ ਦਿੱਤਾ, ਜਦੋਂ ਦਿਮਾਗ਼ ਵਿੱਚ ਆਇਆ, ਕਾਹਦੀਆਂ ਛੁੱਟੀਆਂ। ਜਿਹੜੀ ਸਜ਼ਾ ਹੈ, ਅੱਜ ਦੇ ਮੁਤਾਬਿਕ ਉਮਰ ਕੈਦ ਦਾ ਮਤਲਬ till death ਹੈ ਜੀ। ਇਹ ਵੀ ਇਸ ਵਿੱਚ ਕੀਤਾ ਗਿਆ ਹੈ। ਸਾਰੇ ਕਾਨੂੰਨੀ ਮਾਹਿਰਾਂ ਤੋਂ ਰਾਏ ਲਈ ਗਈ ਹੈ। ਇਹ ਨਾ ਕਿਹਾ ਜਾਵੇ ਕਿ ਸਾਨੂੰ ਦਿਖਾਇਆ ਨਹੀਂ, ਸਾਨੂੰ ਪੜ੍ਹਾਇਆ ਨਹੀਂ, ਅਸੀਂ ਪੜ੍ਹਿਆ ਨਹੀਂ। 21 ਮਾਰਚ ਨੂੰ ਸੰਤ ਸਮਾਜ ਦੇ ਜਿਹੜੇ ਵੱਡੇ ਵੱਡੇ ਮਹਾਂਪੁਰਸ਼ ਹਨ, ਉਨ੍ਹਾਂ ਨਾਲ ਅੰਮ੍ਰਿਤਸਰ ਸਾਹਿਬ ਵਿੱਚ ਮੀਟਿੰਗ ਕੀਤੀ ਸੀ। ਉਦੋਂ ਹੀ ਇਹ ਦੱਸ ਦਿੱਤਾ ਗਿਆ ਸੀ ਕਿ ਤੁਸੀਂ ਇਕੱਲਾ ਧਾਰਮਿਕ ਪੱਖ ਤੋਂ ਨਹੀਂ, ਕਾਨੂੰਨੀ ਪੱਖ ਤੋਂ ਵੀ ਸਾਨੂੰ ਰਾਏ ਦਿਓ। ਜੇ ਤੁਹਾਡੇ ਕੋਈ ਚੰਗੇ ਵਕੀਲ ਦੋਸਤ ਹਨ, ਜਿਹੜੇ ਸਿੱਖ ਧਰਮ ਬਾਰੇ ਜਾਂ ਧਰਮ ਦੇ ਕੇਸ ਲੜਦੇ ਹਨ, ਉਨ੍ਹਾਂ ਦੀ ਵੀ ਕਾਨੂੰਨੀ ਰਾਏ ਇਸ ਵਿੱਚ ਹੈ। ਬਕਾਇਦਾ ਤੌਰ ਤੇ ਸੋਧਾਂ ਕਰ ਕਰ ਕੇ ਤਾਂਕਿ ਮੈਂ ਕਿਹਾ ਕਿ ਪੰਜਵੀਂ ਅਟੈਂਪਟ ਹੈ, ਛੇਵੀਂ ਅਟੈਂਪਟ ਕਰਨ ਦੀ ਲੋੜ ਨਾ ਪਵੇ। ਇਸ ਦੇ ਵਿੱਚ ਇਹੋ ਜਿਹਾ ਕੁਝ ਪਾਈਏ ਕਿ ਇਸ ਕਾਨੂੰਨ ਵਿੱਚ ਕੋਈ weak link ਜਾਂ ਕੋਈ ਚੋਰ ਮੋਹਰੀ ਨਾ ਰਹਿ ਜਾਵੇ। ਇਹ ਅਸੀਂ ਪੂਰੇ ਪ੍ਰਬੰਧ ਕੀਤੇ ਹਨ। ਸੋ, ਮਾਣਯੋਗ ਸਪੀਕਰ ਸਾਹਿਬ ਹੁਣ ਗੱਲ ਇਹ ਆਉਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਸਿੱਖਿਆਵਾਂ ਹਨ, ਆਮ ਤੌਰ ਵਿੱਚ ਇਸ ਦੇ ਵਿੱਚ ਅਸੀਂ ਸਰੂਪ ਲਿਖਿਆ ਹੈ ਕਿਉਂਕਿ ਛਪਾਈ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਰੂਪ ਦਾ ਰੂਪ ਧਾਰਨ ਕਰ ਜਾਂਦੇ ਹਨ ਤਾਂ ਉਸ ਤੋਂ ਬਾਅਦ ਜੋ ਵੀ ਉਨ੍ਹਾਂ ਦੀ ਬੇਅਦਬੀ, ਬੇਅਦਬੀ ਨੂੰ ਵੀ definition ਕੀਤਾ ਗਿਆ ਹੈ। ਬੇਅਦਬੀ ਕਿਸ ਨੂੰ ਕਹਾਂਗੇ? ਬੇਅਦਬੀ ਦੇ ਕਿਹੜੇ ਕਿਹੜੇ symbols ਜਾਂ symptoms ਹੋਣਗੇ, ਸਾਰਾ ਕੁਝ ਇਸ ਵਿੱਚ define ਕੀਤਾ ਗਿਆ ਹੈ ਕਿਉਂਕਿ ਇਹ ਸਟੇਟ ਐਕਟ ਸੀ, ਇਸ ਦੇ ਵਿੱਚ ਵਾਧਾ ਕੀਤਾ ਗਿਆ ਹੈ। ਇਸ ਕਰਕੇ ਇਸ ਨੂੰ ਰਾਸ਼ਟਰਪਤੀ ਕੋਲ ਭੇਜਣ ਦੀ ਲੋੜ ਨਹੀਂ ਹੈ। ਅੱਜ ਇੱਥੇ ਪਾਸ ਹੋ ਜਾਵੇਗਾ, ਰੱਬ ਵਿਰੋਧੀ ਧਿਰਾਂ ਵਾਲਿਆਂ ਨੂੰ ਸੁਮਤ ਬਖ਼ਸ਼ੇ, ਸਰਬਸੰਮਤੀ ਨਾਲ ਹੀ ਪਾਸ ਹੋ ਜਾਵੇ, ਕੋਈ ਵਿਰੋਧ ਨਾ ਕਰੋ ਤਾਂ ਅੱਜ ਪਾਸ ਹੋ ਜਾਵੇਗਾ। ਗਵਰਨਰ ਸਾਹਿਬ ਤੋਂ ਸਾਈਨ ਕਰਵਾਉਣੇ ਸਾਡੀ ਵੀ ਜ਼ਿੰਮੇਵਾਰੀ ਹੈ, ਤੁਹਾਡੀ ਵੀ ਜ਼ਿੰਮੇਵਾਰੀ ਹੈ। ਮੇਰੀ ਸ਼ਿਕਾਇਤ ਲੈ ਕੇ ਤਾਂ ਤੀਜੇ ਦਿਨ ਗਵਰਨਰ ਸਾਹਿਬ ਕੋਲ ਜਾ ਵੜਦੇ ਹੋ। ਜੇ ਗਵਰਨਰ ਨੇ ਲੇਟ ਕੀਤਾ ਤਾਂ ਆਪਾਂ ਉੱਥੇ ਇਕੱਠੇ ਚੱਲਾਂਗੇ। ਉੱਥੇ ਮੇਰੇ ਨਾਲ ਚੱਲਿਓ। ਇਕੱਲੀ ਮੇਰੀ ਸ਼ਿਕਾਇਤ ਨਾ ਲਗਾਉਣ ਜਾਇਆ ਕਰੋ, ਮੈਨੂੰ ਕੋਈ ਕੰਮ ਕਰਵਾਉਣ ਵੀ ਲੈ ਜਾਇਆ ਕਰੋ(ਹਾਸਾ)। ਠੀਕ ਹੈ ਜੀ। ਸੋ, ਇੱਥੇ ਹੀ ਸਟੇਟ ਦਾ ਐਕਟ ਬਣ ਜਾਵੇਗਾ ਤੇ ਸਪੀਕਰ ਸਾਹਿਬ, ਜਦੋਂ ਇੱਕ ਅੱਧਾ ਕਾਂ ਮਾਰ ਕੇ ਟੰਗ ਦਿੱਤਾ,

**1405/Beant kaur**

ਫੇਰ ਕਿਸੇ ਦੀ ਕਈ ਪੀੜ੍ਹੀਆਂ ਤੱਕ ਹਿੰਮਤ ਨਹੀਂ ਪੈਣੀ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਵੱਲ ਅਜਿਹੀ ਨਿਗਾਹ ਨਾਲ ਦੇਖ ਲਵੇ।(ਥੰਪਿੰਗ) ਇਨ੍ਹਾਂ ਨੇ ਬਰਬਾਦ ਕਰਕੇ ਰੱਖ ਦਿੱਤਾ। ਧਰਮ ਦੇ ਨਾਂ ਤੇ ਵੀ ਰੋਟੀਆਂ ਸੇਕੀਆਂ ਹਨ। ਕਦੇ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੇ ਹਾਂ ਕਹਿ ਆਉਂਦੇ ਹਨ ਅਤੇ ਬਾਹਰ ਆ ਕੇ ਕਹਿ ਦਿੰਦੇ ਹਨ ਕਿ ਇਵੇਂ ਹੀ ਕਿਹਾ ਗਿਆ। ਇਹ ਤਾਂ

ਏਜੰਸੀਜ਼ ਦੇ ਬੰਦੇ ਹਨ, ਉਹ ਫਲਾਣੇ ਦਾ ਬੰਦਾ ਹੈ। ਫੇਰ ਇਹ ਪਬਲਿਕ ਵਿੱਚ ਜੈਕਾਰੇ ਛੱਡਦੇ ਫਿਰਦੇ ਹਨ। ਜੇਕਰ ਸਾਡੇ ਘਰ ਵਿੱਚ ਹੀ ਸਾਡਾ ਬਾਪ ਸੇਫ ਨਹੀਂ ਹੈ, ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਪਿਓ ਮੰਨਦੇ ਹਾਂ, ਜੇ ਸਾਡੇ ਘਰ ਵਿੱਚ ਹੀ ਉਸ ਦੀ ਦਾੜ੍ਹੀ ਰੋਜ਼ ਪੁੱਟੀ ਜਾਂਦੀ ਹੈ ਤਾਂ ਫੇਰ ਹੋਰ ਕਿਥੋਂ ਉਮੀਦ ਕਰ ਲਈਏ ਕਿ ਉਥੇ ਅਸੀਂ ਸੁਰੱਖਿਆ ਕਰ ਲਵਾਂਗੇ। ਕੀ ਟਰੰਪ ਤੋਂ ਉਮੀਦ ਕਰਾਂਗੇ? ਪਾਕਿਸਤਾਨ ਤੋਂ ਉਮੀਦ ਕਰਾਂਗੇ? ਪਹਿਲਾਂ ਆਪਣੇ ਘਰ ਵਿੱਚ ਤਾਂ ਕਾਨੂੰਨ ਬਣਾ ਲਓ। ਉਹ ਵੀ ਸਾਨੂੰ ਉਲਾਂਭੇ ਦਿੰਦੇ ਹੋਣਗੇ ਕਿ ਆਪਣੇ ਘਰ ਤਾਂ ਤੁਹਾਡੇ ਤੋਂ ਸੰਭਾਲਿਆ ਨਹੀਂ ਜਾਂਦਾ ਤੇ ਸਾਨੂੰ ਤੁਸੀਂ ਕਹਿੰਦੇ ਹੋ ਕਿ ਇਹ ਕਰ ਦਿਓ, ਇਹ ਨਾ ਕਰੋ। ਪਹਿਲਾਂ ਆਪਣੇ ਘਰ ਵਿੱਚ ਤਾਂ ਬਣਾ ਲਈਏ ਫੇਰ ਬਾਕੀਆਂ ਦੇ ਵੀ ਬਣਵਾ ਦੇਵਾਂਗੇ। ਅਨੰਦ ਮੈਰਿਜ ਐਕਟ ਤਾਮਿਲਨਾਡੂ ਵਿੱਚ ਹੈ, ਦਿੱਲੀ ਵਿੱਚ ਹੈ, ਪਾਕਿਸਤਾਨ ਵਿੱਚ ਹੈ ਪਰ ਸਾਡੇ ਨਹੀਂ ਹੈ। ਉਸ ਵਿੱਚ ਵੀ ਜਿਉਂ ਘੁੰਡੀਆਂ ਪਾਉਣ ਲਗਦੇ ਹਨ ਕਿ ਇਵੇਂ ਹੋ ਜਾਵੇਗਾ, ਉਵੇਂ ਹੋ ਜਾਵੇਗਾ। ਹਰ ਗੱਲ ਤੇ ਇਹ ਰਾਜਨੀਤੀ ਦੇਖਦੇ ਹਨ। ਜੇ ਐਕਟ ਅਧੀਨ ਸਮੋਸਿਆਂ ਵਾਲੇ ਦੀ ਰੇਹੜੀ ਸੜਕ ਤੇ ਲਗਦੀ ਹੈ, ਤੇ ਉਹ ਚੁਕਵਾ ਦਿੱਤੀ ਤਾਂ ਕਿਸੇ ਸਾਰੇ ਪੰਜਾਬ ਦੇ ਸਮੋਸਿਆਂ ਵਾਲੇ ਵਿਰੁੱਧ ਨਾ ਹੋ ਜਾਣ। ਸਮੋਸਿਆਂ ਵਾਲਿਆਂ ਦੀਆਂ ਕਿੰਨੀਆਂ ਵੋਟਾਂ ਹਨ, ਇੰਨੀਆਂ ਹਨ, ਫੇਰ ਰਹਿਣ ਦਿਓ। ਠੀਕ ਹੈ। ਇਵੇਂ ਇਨ੍ਹਾਂ ਦਾ ਚਲਦਾ ਹੈ। ਇਹ ਵੋਟਾਂ ਤੋਂ ਇੰਨਾ ਕਿਉਂ ਡਰਦੇ ਹਨ? ਪਬਲਿਕ ਦੇ ਹੱਕ ਵਿੱਚ ਕੋਈ ਨਾ ਕੋਈ ਫੈਸਲਾ ਤਾਂ ਲੈਣਾ ਹੀ ਪਵੇਗਾ। ਨਿੱਜਰ ਸਾਹਿਬ ਬੈਠੇ ਹਨ, ਉਨ੍ਹਾਂ ਦੀ ਪ੍ਰਧਾਨਗੀ ਵਾਲੀ ਸਿਲੈਕਟ ਕਮੇਟੀ ਨਾਲ ਇਸ ਦਾ ਕੋਈ ਲਿੰਕ ਨਹੀਂ ਹੈ। ਉਸ ਕਮੇਟੀ ਵਿੱਚ ਪਵਿੱਤਰ ਕੁਰਾਨ ਸ਼ਰੀਫ, ਬਾਈਬਲ ਅਤੇ ਬਾਕੀ ਸਾਰੇ ਧਾਰਮਿਕ ਗ੍ਰੰਥ ਕਵਰ ਕੀਤੇ ਗਏ ਹਨ ਅਤੇ ਉਸ ਕਮੇਟੀ ਦੀ ਰਿਪੋਰਟ ਬਕਾਇਦਾ ਇੱਥੇ ਹਾਊਸ ਵਿੱਚ ਪੇਸ਼ ਕਰਾਂਗੇ। ਉਸ ਤੇ ਡਿਸਕਸ਼ਨ ਹੋਵਗੀ ਅਤੇ ਉਹ ਰਾਸ਼ਟਰਪਤੀ ਕੋਲ ਜਾਵੇਗਾ ਕਿਉਂਕਿ ਉਹ ਨਵਾਂ ਕਾਨੂੰਨ ਹੈ। ਪਹਿਲਾਂ ਵਾਲਾ IPC ਵਿਚ ਫਸ ਗਿਆ, ਫੇਰ ਇਕ BNS ਵਿੱਚ ਫਸ ਗਿਆ ਅਤੇ ਹੁਣ ਜਿਹੜੀ 120B ਹੈ, ਜੋ ਸਾਜਿਸ਼ ਨਾਲ ਰਿਲੇਟਿਡ ਹੈ, ਉਸ ਵਿੱਚ ਇਸ ਕਾਨੂੰਨ ਤਹਿਤ ਸਾਜਿਸ਼ਕਰਤਾ, ਜਿਸ ਨੇ ਉਹ ਬੰਦਾ ਭੇਜਿਆ ਹੈ ਤੇ ਵੀ ਉਹੀ ਪਰਚਾ ਲਾਗੂ ਹੋਵੇਗਾ। ਜੇਕਰ ਉਹ ਦੋ ਫਿਰਕਿਆਂ ਜਾਂ ਇਕ ਖਾਸ ਫਿਰਕੇ ਨੂੰ ਭੜਕਾਉਣ ਜਾਂ ਹਿੰਸਾ ਕਰਨ ਵਾਸਤੇ ਭੇਜਿਆ ਗਿਆ ਹੈ, ਫੇਰ ਤਾਂ ਇਨਕੁਆਇਰੀ ਦੀ ਵੀ ਜ਼ਿਆਦਾ ਲੋੜ ਨਹੀਂ ਪੈਣੀ, ਸਿੱਧਾ ਉਮਰ ਕੈਦ ਵਾਸਤੇ ਜੇਲ੍ਹ ਵਿੱਚ ਜਾਵੇਗਾ। ਇਹੋ ਜਿਹੇ ਮਾਨਸਿਕ ਰੋਗੀਆਂ ਦੀ ਸਾਨੂੰ ਕੋਈ ਜ਼ਰੂਰਤ ਨਹੀਂ ਹੈ, ਜਿਹੜੇ ਗੁਰੂ ਸਾਹਿਬ ਦੀ ਬੇਅਦਬੀ ਕਰਦੇ ਹੋਣ ਅਤੇ ਉਨ੍ਹਾਂ ਨੂੰ ਜਿੱਥੇ ਰਹਿਣਾ ਚਾਹੀਦਾ ਹੈ, ਉਹ ਉਥੇ ਰਹਿਣ। ਇਹ ਮਾਨਸਿਕ ਰੋਗੀ ਨਹੀਂ ਹਨ, ਅਸਲ ਵਿੱਚ ਇਹ ਕੱਟੜਵਾਦ ਵਾਲੇ ਰੋਗੀ ਹਨ। ਗੁਰੂ ਸਾਹਿਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ, ਗੁਰੂ ਸਾਹਿਬ ਮਾਨਵਤਾ-ਮਨੁੱਖਤਾ ਦਾ ਸੰਦੇਸ਼ ਦਿੰਦੇ ਹਨ। ਇਸ ਕਰਕੇ ਅੱਜ ਦਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਨੂੰ ਮੈਂ 350 ਸਾਲਾ ਗੁਰਪੁਰਬ ਨੂੰ ਵੀ ਸਮਰਪਿਤ ਕਰਦਾ ਹਾਂ ਅਤੇ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਮਨਾ ਵੀ ਰਹੇ ਹਾਂ ਅਤੇ ਆਉਣ ਵਾਲੇ ਸਮੇਂ ਵਿੱਚ 650 ਸਾਲਾ ਗੁਰਪੁਰਬ ਵੀ ਧੂਮ-ਧਾਮ ਨਾਲ ਮਨਾਵਾਂਗੇ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਮੈਂ ਸਾਰਿਆਂ ਤੋਂ ਉਮੀਦ ਕਰਦਾ ਹਾਂ ਕਿ ਤੁਸੀਂ ਸਾਰੇ ਸਾਡਾ ਸਾਥ ਦੇਵੋਗੇ।(ਥੰਪਿੰਗ) ਇਸ ਵਿੱਚ ਕੋਈ ਰਾਜਨੀਤੀ ਨਹੀਂ ਹੈ। ਅਸੀਂ ਫੇਰ ਸੰਤ ਸਮਾਜ ਅਤੇ ਗੁਣੀ-ਗਿਆਨੀ, ਮਰਿਯਾਦਾ ਨੂੰ ਜਾਣਨ ਵਾਲਿਆਂ ਨੂੰ ਅੱਗੇ ਕਰਾਂਗੇ ਅਤੇ ਆਪ ਪ੍ਰਬੰਧਕ ਦੇ ਤੌਰ ਤੇ ਪਿੱਛੇ ਹੀ ਰਹਾਂਗੇ। ਸਾਨੂੰ ਦੱਸ ਦੇਣ ਕਿ ਕਿੱਥੇ ਸੈਮੀਨਾਰ ਕਰਵਾਉਣੇ ਹਨ, ਕਿੱਥੇ ਡਰੋਨ ਸ਼ੋਅ ਹੋ ਸਕਦਾ ਹੈ, ਕਿੱਥੇ ਕਵਿਤਾਵਾਂ, ਜੀਵਨੀਆਂ ਨੂੰ ਪ੍ਰਗਟ ਕਰਨਾ ਹੈ, ਕਿੱਥੇ ਮਿਊਜ਼ੀਅਮ ਬਣਾਉਣਾ ਹੈ। ਇਹ ਸਾਰਾ ਕੰਮ ਅਸੀਂ ਕਰਾਂਗੇ। ਕੋਈ ਵੀ ਸੰਚਾਰ ਦਾ ਮਾਧਿਅਮ ਅਜਿਹਾ ਨਹੀਂ ਰਹਿਣਾ ਚਾਹੀਦਾ, ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਚਾਹੇ ਜਿਨ੍ਹਾਂ ਨੇ ਵੀ ਉਚਾਰੀ ਹੋਈ ਹੈ, ਉਹ ਨਾ ਪਹੁੰਚੇ। ਉਸ ਦਾ ਪ੍ਰਚਾਰ-ਪ੍ਰਸਾਰ ਸਾਡੀ ਜ਼ਿੰਮੇਵਾਰੀ

ਹੈ ਬਲਕਿ ਮੈਂ ਇਹ ਵੀ ਕਹਿੰਦਾ ਹਾਂ ਕਿ ਤੁਸੀਂ ਸਾਡਾ ਸਾਥ ਦਿਓ ਜੇਕਰ ਕਹੋ ਤਾਂ ਇਸ ਸਬੰਧੀ ਆਲ ਪਾਰਟੀ ਮੀਟਿੰਗ ਬੁਲਾ ਲੈਂਦੇ ਹਾਂ। ਬੀਜੇਪੀ ਵਾਲੇ ਬੈਠੇ ਹਨ, ਜੇਕਰ ਬਿਲ ਰਾਸ਼ਟਰਪਤੀ ਜੀ ਕੋਲ ਪਿਆ ਹੈ ਤਾਂ ਗੁਰਬਾਣੀ ਜੋ ਸਾਂਝੀਵਾਲਤਾ ਦਾ ਪ੍ਰਤੀਕ ਹੈ, ਉਸ ਨੂੰ ਸਾਰੇ ਚੈਨਲਾਂ ਤੇ ਪ੍ਰਸਾਰਿਤ ਕਰੀਏ। ਹੁਣ ਤਾਂ ਮੇਰਾ ਖਿਆਲ ਹੈ ਕਿ ਪੀਟੀਸੀ ਦਾ ਅਕਾਲੀ ਦਲ ਨਾਲ ਸਮਝੌਤਾ ਵੀ ਨਹੀਂ ਹੋ ਰਿਹਾ, ਉਨ੍ਹਾਂ ਦੇ ਸਬੰਧ ਨਹੀਂ ਰਹੇ ਹੋਣੇ। ਇਹ ਕਰਵਾ ਦਿਓ, ਰਾਸ਼ਟਰਪਤੀ ਜੀ ਸਾਈਨ ਕਰ ਦੇਣ, ਗੁਰਬਾਣੀ ਸਾਰੇ ਚੈਨਲਾਂ ਤੇ ਚੱਲੇ, ਚਾਹੇ ਆਜ ਤੱਕ ਚਲਾ ਲਵੇ, ਚਾਹੇ ਪੀਟੀਸੀ ਚਲਾ ਲਵੇ, ਚਾਹੇ ਅਲ-ਜਜ਼ੀਰਾ ਚਲਾ ਲਵੇ, ਚਾਹੇ ਡਿਸਕਵਰੀ ਚਲਾ ਲਵੇ ਪਰ ਉਸ ਵਿੱਚ ਮਾਣ-ਮਰਿਆਦਾ ਲਿਖੀ ਹੋਈ ਹੈ। ਪ੍ਰਸਾਰਣ ਤੋਂ ਅੱਧਾ ਘੰਟਾ ਪਹਿਲਾਂ ਅਤੇ ਬਾਅਦ ਵਿੱਚ ਕੋਈ ਕਮਰਸ਼ੀਅਲ ਐਡ ਨਹੀਂ ਆਵੇਗੀ ਤਾਂ ਕਿ ਗੁਰਬਾਣੀ ਵਿੱਚ ਕੋਈ ਕਮਰਸ਼ੀਅਲ ਨਾ ਲੈ ਕੇ ਆਉਣ, ਉਸ ਨੂੰ ਵਪਾਰਕ ਨਾ ਕੀਤਾ ਜਾਵੇ ਜਦਕਿ ਹੁਣ ਇਕੋ ਚੈਨਲ ਨੂੰ ਦੇ ਕੇ ਟੋਟਲੀ ਵਪਾਰਕ ਕਰ ਰਹੇ ਹਨ। ਮੈਂ ਕਹਿੰਦਾ ਹਾਂ ਕਿ ਜੇਕਰ ਅਜਿਹਾ ਹੋ ਜਾਵੇ ਤਾਂ ਇਸ ਤੋਂ ਵੱਡੀ ਕੋਈ ਸੇਵਾ ਨਹੀਂ ਹੋਵੇਗੀ। ਮੈਂ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦਾ ਹਾਂ

**1410/Karamjit kaur**

ਕਿ ਇਹ ਬਿਲ ਉਸ ਵੇਲੇ ਆ ਰਿਹਾ ਹੈ, ਜਿਸ ਵੇਲੇ ਪੰਜਾਬ ਵਿੱਚ ਮੇਰੀ ਅਗਵਾਈ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਇਸੇ ਤਰ੍ਹਾਂ ਸਾਨੂੰ ਸੁਮੱਤ ਤੇ ਬਲ ਬਖ਼ਸ਼ੇ ਕਿ ਅਸੀਂ ਦੇਸ਼ ਕੌਮ ਦੀ ਸੇਵਾ ਕਰਦੇ ਰਹੀਏ। ਅਸੀਂ ਪੰਜਾਬ ਨੂੰ ਦੁਬਾਰੇ ਪੰਜਾਬ ਬਣਾ ਦੇਈਏ। ਪੰਜਾਬ ਜਿਹੜੀ ਕਿ ਗੁਰੂਆਂ, ਪੀਰਾਂ, ਪੈਗੰਬਰਾਂ, ਸ਼ਹੀਦਾਂ ਅਤੇ ਸਾਹਿਤਕਾਰਾਂ ਦੀ ਧਰਤੀ ਹੈ, ਅਸੀਂ ਇਸਦਾ ਦਰਜਾ ਕਾਇਮ ਰੱਖੀਏ। ਪੰਜਾਬ ਜਿਹੜਾ ਕਿ ਵਸਦਾ ਗੁਰਾਂ ਦੇ ਨਾਂ 'ਤੇ, ਇਸੇ ਤਰ੍ਹਾਂ ਪੰਜਾਬ ਗੁਰਾਂ ਦੇ ਨਾਮ 'ਤੇ ਘੁੱਗ ਵਸਦਾ ਰਹਵੇ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡਾ ਬਹੁਤ ਬਹੁਤ ਦਿਲੋਂ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ।। (ਥੰਪਿੰਗ)

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ।। (ਥੰਪਿੰਗ)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** *(ਥੰਪਿੰਗ)*

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 8**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 8 ਤੱਕ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 8 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮਾਣਯੋਗ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ The Jaagat Jot Sri Guru Granth Sahib Satkar (Amendement) Bill, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

-------

(ਇਸ ਸਮੇਂ ਮਾਣਯੋਗ ਸਪੀਕਰ ਵੱਲੋਂ ਪੰਜ ਵਾਰ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡੇ ਗਏ ਅਤੇ ਜਵਾਬ ਵਿੱਚ ਸਦਨ ਵੱਲੋਂ ਵੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਗਾਏ ਗਏ।)

**ਮਾਣਯੋਗ ਸਪੀਕਰ:** ਮੁੱਖ ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ):** ਮੈਂ ਸਾਰੇ ਸਦਨ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਸ ਬਿਲ ਦੇ ਉੱਤੇ ਵਿਚਾਰ ਵੀ ਪ੍ਰਗਟ ਕੀਤੇ ਹਨ ਅਤੇ ਨਾਲ ਸਾਰੇ ਸਦਨ ਵੱਲੋਂ ਪੂਰੀ ਸਹਿਮਤੀ ਮਿਲੀ ਹੈ। ਇਹ ਬਿਲ ਸਰਬ ਸੰਮਤੀ ਨਾਲ ਪਾਸ ਹੋਇਆ ਹੈ। ਮੈਂ ਸੰਤ ਸਮਾਜ ਦਾ, ਸਿੱਖ ਬੁੱਧੀਜੀਵੀਆਂ ਦਾ ਅਤੇ ਜਿਹੜੇ ਸਕਾਲਰ ਹਨ, ਧਰਮ ਦੇ ਗੁਣੀ-ਗਿਆਨੀ ਲੋਕਾਂ ਦਾ, ਜਿਨ੍ਹਾਂ ਨੇ ਇਸ ਬਿਲ ਵਿੱਚ ਆਪਣਾ ਕੋਈ ਵੀ ਕਲਾਜ਼, ਸੁਝਾਅ ਅਤੇ ਕਿਸੇ ਵੀ ਸੋਧ ਬਾਰੇ ਜਾਣਕਾਰੀ ਦਿੱਤੀ ਹੈ, ਮੈਂ ਉਨ੍ਹਾਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ। ਭਵਿੱਖ ਦੇ ਵਿੱਚ ਵੀ ਸਾਡੇ ਧਰਮ ਨਾਲ ਸਬੰਧਤ ਜਾਂ ਸਾਡੇ ਵਿਰਸੇ ਨਾਲ ਸਬੰਧਤ ਕੋਈ ਸੋਧਨਾ ਬਿਲ ਜਾਂ ਕੋਈ ਕਾਨੂੰਨ ਜਾਂ

**1415/harpreet singh**

ਕੋਈ ਇਸ ਤਰ੍ਹਾਂ ਦੀ ਨੋਟੀਫਿਕੇਸ਼ਨ, ਜਿਸ ਵਿਚ ਸਾਰੀ ਕੌਮ ਦਾ, ਪੰਜਾਬ ਦਾ, ਸਮੁੱਚੇ ਭਾਈਚਾਰੇ ਦੀ ਏਕਤਾ ਦਾ ਸੰਦੇਸ਼ ਹੋਵੇ, ਉਸ ਲਈ ਅਕਸਰ ਸਲਾਹ ਲੈਂਦੇ ਰਹਾਂਗਾ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਮੂਹ ਮੈਂਬਰ ਸਾਹਿਬਾਨ ਦਾ, ਸੰਤ ਸਮਾਜ ਦਾ, ਸਿੱਖ ਬੁੱਧੀਜੀਵੀਆਂ ਦਾ ਧੰਨਵਾਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦਾ ਵੀ ਧੰਨਵਾਦ, ਜਿਨ੍ਹਾਂ ਨੇ ਇਹ ਸੇਵਾ ਸਾਡੇ ਕੋਲੋਂ ਲਈ। ਹਾਂ ਜੀ, ਨਿੱਜਰ ਸਾਹਿਬ।

----------

## MOTION REGARDING EXTENSION OF TIME OF THE SELECT COMMITTEE CONSTITUTED REGARDING THE PUNJAB PREVENTION OF OFFENCES AGAINST HOLY SCRIPTURES BILL, 2025

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਸਭਾਪਤੀ, ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਬੰਧੀ ਗਠਿਤ ਸਿਲੈਕਟ ਕਮੇਟੀ) :** ਸਪੀਕਰ ਸਾਹਿਬ, ਮਿਤੀ 15 ਜੁਲਾਈ, 2025 ਨੂੰ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਤੇ ਹੋਏ ਵਿਚਾਰ ਵਟਾਂਦਰੇ ਦੌਰਾਨ ਸਦਨ ਦੀ ਸਹਿਮਤੀ ਨਾਲ ਪਾਸ ਹੋਏ ਪ੍ਰਸਤਾਵ ਮੁਤਾਬਿਕ ਸਿਲੈਕਟ ਕਮੇਟੀ ਨੂੰ ਲੋਕਾਂ ਦੀ ਰਾਏ ਲੈ ਕੇ ਆਪਣੀ ਰਿਪੋਰਟ ਛੇ ਮਹੀਨਿਆਂ ਦੇ ਅੰਦਰ ਅੰਦਰ ਪੇਸ਼ ਕਰਨ ਲਈ ਸਮਾਂ ਮਿਲਿਆ ਸੀ ਪਰ ਕਮੇਟੀ ਵੱਲੋਂ ਕੁਝ ਵਾਜਿਬ ਕਾਰਨਾਂ ਕਰਕੇ ਮਿਤੀ 6.01.2026 ਨੂੰ ਹੋਈ ਆਪਣੀ ਬੈਠਕ ਦੌਰਾਨ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਰਿਪੋਰਟ ਪੇਸ਼ ਕਰਨ ਲਈ ਸਮਾਂ ਵਧਾਉਣ ਦੀ ਸਿਫਾਰਸ਼ ਕੀਤੀ ਗਈ ਸੀ।

ਸਿਲੈਕਟ ਕਮੇਟੀ ਦਾ ਉਦੇਸ਼ ਬਿਲ ਦੀ ਸਮੀਖਿਆ ਕਰਨਾ, ਜਨਤਾ, ਧਾਰਮਿਕ ਸੰਸਥਾਵਾਂ, ਬੁੱਧੀਜੀਵੀਆਂ, ਮਾਹਿਰਾਂ ਦੇ ਸੁਝਾਅ ਅਤੇ ਬਹੁਮੁੱਲੇ ਵਿਚਾਰ ਲੈ ਕੇ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ, 2025 ਸਬੰਧੀ ਸਦਨ ਨੂੰ ਆਪਣੀ ਰਿਪੋਰਟ ਪੇਸ਼ ਕਰਨਾ ਹੈ। ਕਮੇਟੀ ਵੱਲੋਂ ਵੱਖ ਵੱਖ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ, ਬੁੱਧੀਜੀਵੀਆਂ, ਕਾਨੂੰਨੀ ਮਾਹਿਰਾਂ ਨੂੰ ਵੀ ਸੁਣਿਆ ਗਿਆ ਅਤੇ ਉਨ੍ਹਾਂ ਵੱਲੋਂ ਆਪਣੇ ਵਡਮੁੱਲੇ ਸੁਝਾਅ ਕਮੇਟੀ ਨੂੰ ਦਿੱਤੇ ਗਏ। ਇਸ ਤੋਂ ਇਲਾਵਾ ਅਖ਼ਬਾਰਾਂ ਵਿੱਚ ਦਿੱਤੇ ਗਏ ਇਸ਼ਤਿਹਾਰਾਂ ਤੋਂ ਵੀ ਜਨਤਾ ਦੇ 564 ਸੁਝਾਅ ਪ੍ਰਾਪਤ ਹੋਏ ਹਨ।

ਕਮੇਟੀ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਸਾਰੇ ਸੁਝਾਵਾਂ ਦੀ ਡੂੰਘਾਈ ਨਾਲ ਸਮੀਖਿਆ ਕੀਤੀ ਜਾਣੀ ਜ਼ਰੂਰੀ ਹੈ, ਇਸ ਤੋਂ ਇਲਾਵਾ ਇਹ ਮੁੱਦਾ ਸੰਵੇਦਨਸ਼ੀਲ ਵੀ ਹੈ ਅਤੇ ਸਾਰਿਆਂ ਦੀਆਂ ਭਾਵਨਾਵਾਂ ਨਾਲ ਜੁੜਿਆ ਮਾਮਲਾ ਹੈ, ਇਸ ਲਈ ਇਸ ਬਿੱਲ ਤੇ ਹੋਰ ਵਿਚਾਰ ਕੀਤਾ ਜਾਣਾ ਜ਼ਰੂਰੀ ਹੈ। ਕਮੇਟੀ ਨੇ ਚਾਹਿਆ ਹੈ ਕਿ ਰਿਪੋਰਟ ਪੇਸ਼ ਕਰਨ ਲਈ 6 ਮਹੀਨੇ ਦਾ ਹੋਰ ਸਮਾਂ ਦਿੱਤਾ ਜਾਵੇ।

**ਸਭਾਪਤੀ, ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਬੰਧੀ ਗਠਿਤ ਸਿਲੈਕਟ ਕਮੇਟੀ (ਡਾਕਟਰ ਇੰਦਰਬੀਰ ਸਿੰਘ ਨਿੱਜਰ) :** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਬੰਧੀ ਗਠਿਤ ਪੰਜਾਬ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ਲਈ 6 ਮਹੀਨੇ ਦਾ ਹੋਰ ਸਮਾਂ ਦਿੱਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਬੰਧੀ ਗਠਿਤ ਪੰਜਾਬ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ਲਈ 6 ਮਹੀਨੇ ਦਾ ਹੋਰ ਸਮਾਂ ਦਿੱਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ, 2025 ਸਬੰਧੀ ਗਠਿਤ ਪੰਜਾਬ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ਲਈ 6 ਮਹੀਨੇ ਦਾ ਹੋਰ ਸਮਾਂ ਦਿੱਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

**ਮਾਣਯੋਗ ਸਪੀਕਰ :** ਇਸੇ ਸਿਲੈਕਟ ਕਮੇਟੀ ਦੀ ਡਿਊਟੀ ਨਕੋਦਰ ਕਾਂਡ ਦੀ ਐਕਸ਼ਨ ਟੇਕਨ ਰਿਪੋਰਟ ਲੱਭਣ ਵਾਸਤੇ ਲਗਾਈ ਗਈ ਹੈ, ਉਸ ਦਾ ਕੀ ਹੋਇਆ, ਕੀ ਕਾਨੂੰਨੀ ਕਾਰਵਾਈ ਹੋਈ, ਉਸ ਦੀ ਵੀ ਇਹ ਕਮੇਟੀ ਜਾਂਚ ਕਰੇਗੀ।

ਸੋ, ਆਪ ਸਭ ਦਾ ਬਹੁਤ ਬਹੁਤ ਧੰਨਵਾਦ। ਗੁਰੂ ਸਾਹਿਬ ਸੱਚੇ ਪਾਤਸ਼ਾਹ ਦਾ ਧੰਨਵਾਦ। ਗੁਰੂ ਸਾਹਿਬ ਦੇ ਅਦਬ ਸਤਿਕਾਰ ਦੇ ਵਿਚ ਅੱਜ ਜੇਕਰ ਕੋਈ ਸਾਡੇ ਵੱਲੋਂ ਸਾਡੇ ਮੈਂਬਰ ਸਾਹਿਬਾਨ ਵੱਲੋਂ ਕੋਈ ਕਮੀ ਰਹਿ ਗਈ ਹੋਵੇ ਤਾਂ ਸਿੱਖ ਹਮੇਸ਼ਾ ਸਿੱਖਦਾ ਹੈ ਅਤੇ ਸੰਗਤ ਅਤੇ ਗੁਰੂ ਹਮੇਸ਼ਾ ਬਖਸ਼ਣਹਾਰ ਹੈ। ਗੁਰੂ ਸਾਹਿਬ ਸਾਨੂੰ ਸਭ ਨੂੰ ਬਖਸ਼ ਲੈਣ। ਗੁਰੂ ਸਾਹਿਬ ਦਾ ਇਕ ਵਾਰ ਫਿਰ ਸ਼ੁਕਰਾਨਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਮੁਤਲੱਕ ਇਹ ਸੇਵਾ ਲਈ ਹੈ।

ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

***2.19 ਵਜੇ ਬਾਅਦ ਦੁਪਹਿਰ** **(*ਇਸ ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)**